# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 91 | Friday, May 15, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਓਨਟਾਰੀਓ 'ਚ ਠੱਪ ਪਏ ਕੁੱਝ ਕਾਰੋਬਾਰ ਤੇ ਸੇਵਾਵਾਂ ਵੀਕੈਂਡ 'ਤੇ ਹੋਣਗੀਆਂ ਸ਼ੁਰੂ




ਓਨਟਾਰੀਓ, 14 ਮਈ (ਪੋਸਟ ਬਿਊਰੋ) : ਸਰਕਾਰ ਵੱਲੋਂ ਅਰਥਚਾਰੇ ਨੂੰ ਮੁੜ ਖੋਲ੍ਹੇ ਜਾਣ ਲਈ ਕਿਹੋ ਜਿਹੀ ਯੋਜਨਾ ਲਿਆਂਦੀ ਜਾ ਰਹੀ ਹੈ ਇਸ ਬਾਰੇ ਓਨਟਾਰੀਓ ਵਾਸੀਆਂ ਨੂੰ ਜਲਦ ਹੀ ਪਤਾ ਚੱਲਣ ਵਾਲਾ ਹੈ। ਠੱਪ ਪਏ ਕੁੱਝ ਕਾਰੋਬਾਰ ਤੇ ਸੇਵਾਵਾਂ ਸ਼ਨਿੱਚਰਵਾਰ ਤੋਂ ਸ਼ੁਰੂ ਹੋ ਜਾਣਗੀਆਂ ਤੇ ਕਈ ਹੋਰ ਮੰਗਲਵਾਰ ਤੋਂ ਸ਼ੁਰੂ ਹੋਣਗੀਆਂ।

ਵੀਰਵਾਰ ਨੂੰ ਪ੍ਰੋਵਿੰਸ ਵੱਲੋਂ ਆਪਣੀ ਯੋਜਨਾ ਵਿਸਥਾਰ ਸਹਿਤ ਜਾਰੀ ਕੀਤੀ ਗਈ। ਸਰਕਾਰ ਵੱਲੋਂ ਕੰਸਟ੍ਰਕਸ਼ਨ ਇੰਡਸਟਰੀ, ਸ਼ਾਪਿੰਗ ਦੇ ਕਈ ਬਦਲ, ਕਾਰ ਡੀਲਰਸ਼ਿਪਜ਼ ਦੇ ਨਾਲ ਨਾਲ ਫਿਲਮ ਤੇ ਟੈਲੀਵਿਜ਼ਨ ਪ੍ਰੋਡਕਸ਼ਨ ਦਾ ਕੁਝ ਕੰਮ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਕੁਝ ਆਊਟਡੋਰ ਤੇ ਮਨੋਰੰਜਨ ਸਬੰਧੀ ਗਤੀਵਿਧੀਆਂ ਨੂੰ ਵੀ ਹਰੀ ਝੰਡੀ ਮਿਲਣ ਦੀ ਸੰਭਾਵਨਾ ਹੈ। ਗੌਲਫ ਕੋਰਸਿਜ਼ ਅਤੇ ਡਰਾਈਵਿੰਗ ਰੇਂਜਿਜ਼, ਸਾਈਕਲਿੰਗ ਟਰੈਕਸ, ਮਰੀਨਾਜ਼ ਤੇ ਰੌਡ ਐਂਡ ਗੰਨ ਕਲੱਬਜ਼ ਆਦਿ ਵਰਗੀਆਂ ਮਨੋਰੰਜਨ ਦੀਆਂ ਥਾਂਵਾਂ ਵੀ ਖੁੱਲ੍ਹਣ ਜਾ ਰਹੀਆਂ ਹਨ।

ਇਸ ਹਫਤੇ ਦੇ ਸ਼ੁਰੂ ਵਿੱਚ ਫੋਰਡ ਨੇ ਸੰਕੇਤ ਦਿੱਤਾ ਸੀ ਕਿ ਚੰਗੀ ਖਬਰ ਆਉਣ ਵਾਲੀ ਹੈ। ਪ੍ਰੋਵਿੰਸ ਦੇ ਤਿੰਨ ਪੜਾਵੀ ਰੀਓਪਨਿੰਗ ਫਰੇਮਵਰਕ ਦੇ ਪਹਿਲੇ ਪੜਾਅ ਵਿੱਚ ਅੰਤਿਮ ਸਸਕਾਰ ਵਰਗੇ ਮੌਕਿਆਂ ਉੱਤੇ ਹੁਣ ਜ਼ਿਆਦਾ ਲੋਕ ਇੱਕਠੇ ਹੋ ਸਕਿਆ ਕਰਨਗੇ। ਹਸਪਤਾਲਾਂ ਵਿੱਚ ਵੀ ਹੁਣ ਗੈਰ ਜ਼ਰੂਰੀ ਆਪਰੇਸ਼ਨ ਹੋ ਸਕਿਆ ਕਰਨਗੇ।

...ਬਾਕੀ ਪੰਨਾ 6 'ਤੇ

## ਕੈਨੇਡਾ ਲਈ ਮਨਜ਼ੂਰ ਚੀਨੀ ਮਾਸਕਸ ਅਮਰੀਕਾ ਵੱਲੋਂ ਜਾਅਲੀ ਹੋਣ ਦਾ ਦਾਅਵਾ




ਓਟਵਾ, 14 ਮਈ (ਪੋਸਟ ਬਿਊਰੋ) : ਹੈਲਥ ਕੈਨੇਡਾ ਵੱਲੋਂ ਮਨਜ਼ੂਰ ਕੀਤੇ ਗਏ ਚੀਨ ਦੇ ਬਣੇ ਮਾਸਕਸ ਬਾਰੇ ਅਮਰੀਕਾ ਦੇ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਨਸ਼ਨ ਵੱਲੋਂ ਜਾਅਲੀ ਹੋਣ ਸਬੰਧੀ ਵਾਰਨਿੰਗ ਜਾਰੀ ਕੀਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਮਾਸਕਸ ਅਸਲ ਵਿੱਚ ਸ਼ੰਘਾਈ ਦੀ ਦਾਸੇਂਗ ਕੰਪਨੀ ਵੱਲੋਂ ਤਿਆਰ ਕੀਤੇ ਜਾਣ ਵਾਲੇ ਮੈਡੀਕਲ ਗ੍ਰੇਡ ਐਨ95 ਮਾਸਕਸ ਦੀ ਨਕਲ ਹਨ ਪਰ ਕੈਨੇਡਾ ਵੱਲੋਂ ਇਨ੍ਹਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇੱਥੇ ਹੀ ਬੱਸ ਨਹੀਂ ਇਹ ਮਾਸਕਸ ਅਮਰੀਕਾ ਦੇ ਕੁੱਝ ਫਰੰਟ ਲਾਈਨ ਵਰਕਰਜ਼ ਨੂੰ ਵੰਡੇ ਵੀ ਜਾ ਚੁੱਕੇ ਹਨ। ਇੱਕ ਵੱਖਰੇ ਚੀਨੀ ਮਾਸਕ ਮੇਕਰ ਨੂੰ ਵੀ ਹੈਲਥ ਕੈਨੇਡਾ ਵੱਲੋਂ ਲਾਇਸੰਸ ਦਿੱਤਾ ਜਾ ਚੁੱਕਿਆ ਹੈ। ਪਰ ਅਮਰੀਕਾ ਵਿੱਚ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਵੱਲੋਂ ਇਸ ਕੰਪਨੀ ਨੂੰ ਵੀ ਲਾਇਸੰਸ ਨਹੀਂ ਦਿੱਤਾ ਗਿਆ।

...ਬਾਕੀ ਪੰਨਾ 3 'ਤੇ

## ਰੈਕਸਡੇਲ ਵਿੱਚ ਚੱਲੀ ਗੋਲੀ ਵਿੱਚ ਇੱਕ ਹਲਾਕ, 3 ਮਸ਼ਕੂਕਾਂ ਦੀ ਭਾਲ




ਰੈਕਸਡੇਲ, 14 ਮਈ (ਪੋਸਟ ਬਿਊਰੋ) : ਸ਼ਹਿਰ ਦੇ ਉੱਤਰੀ ਸਿਰੇ ਉੱਤੇ ਵਾਪਰੇ ਗੋਲੀ ਕਾਂਡ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਜਾਣ ਤੋਂ ਬਾਅਦ ਹੋਮੀਸਾਈਡ ਜਾਂਚਕਾਰਾਂ ਨੂੰ ਸੱਦਿਆ ਗਿਆ।

ਰਾਤੀਂ 8:00 ਵਜੇ ਤੋਂ ਠੀਕ ਪਹਿਲਾਂ ਗੋਲੀ ਚੱਲਣ ਦੀਆਂ ਰਿਪੋਰਟਾਂ ਤੋਂ ਬਾਅਦ ਕਿਪਲਿੰਗ ਐਵਨਿਊ ਤੇ ਫਿੰਚ ਐਵਨਿਊ ਵੈਸਟ ਉੱਤੇ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ।

ਪੁਲਿਸ ਨੇ ਇਹ ਵੀ ਦੱਸਿਆ ਕਿ ਚਸ਼ਮਦੀਦ ਗਵਾਹਾਂ ਨੇ ਤਿੰਨ ਵਿਅਕਤੀਆਂ ਨੂੰ ਮੌਕੇ ਤੋਂ ਪੈਦਲ ਹੀ ਫਰਾਰ ਹੁੰਦਿਆਂ ਵੇਖਿਆ। ਫੁਲਿਸ ਵੱਲੋਂ ਇਨ੍ਹਾਂ ਤਿੰਨਾਂ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ।


## ਅੰਦਰ ਪੜ੍ਹੋ

ਕੈਨੇਡਾ ਤੇ ਅਮਰੀਕੀ ਸਰਹੱਦ 'ਤੇ ਸਕਰੀਨਿੰਗ ਲਈ ਵਰਤੇ ਜਾਣਗੇ ਸਖ਼ਤ ਨਿਯਮ — ਪੰਨਾ 03



ਨਵੇਂ ਚੱਕਰ ਵਿੱਚ ਫਸੇ ਡੋਨਾਲਡ ਟਰੰਪ — ਪੰਨਾ 04




## ਟੋਰਾਂਟੋ ਵੈਸਟਰਨ ਐਮਰਜੰਸੀ ਡਿਪਾਰਟਮੈਂਟ ਦੇ ਪੰਜ ਮੈਂਬਰ ਕੋਵਿਡ-19 ਪਾਜ਼ੀਟਿਵ



ਟੋਰਾਂਟੋ, 14 ਮਈ (ਪੋਸਟ ਬਿਊਰੋ) : ਟੋਰਾਂਟੋ ਵੈਸਟਰਨ ਹਾਸਪਿਟਲ ਦੇ ਐਮਰਜੰਸੀ ਵਿਭਾਗ ਦੇ ਪੰਜ ਹੈਲਥਕੇਅਰ ਵਰਕਰਜ਼ ਦੇ ਕਰੋਨਾਵਾਇਰਸ ਸਬੰਧੀ ਟੈਸਟ ਪਾਜ਼ੀਟਿਵ ਆਏ ਹਨ। ਸਟਾਫ ਨੂੰ ਭੇਜੀ ਗਈ ਈਮੇਲ ਵਿੱਚ ਹਸਪਤਾਲ ਨੇ ਆਖਿਆ ਕਿ ਇਹ ਪਾਜ਼ੀਟਿਵ ਟੈਸਟ 20 ਅਪਰੈਲ ਨਾਲ ਸਬੰਧਤ ਹਨ ਤੇ ਇੱਕ ਹੋਰ ਤਾਜ਼ਾ ਮਾਮਲੇ ਦੀ ਪੁਸ਼ਟੀ ਪਿਛਲੇ ਹਫਤੇ ਹੋਈ ਹੈ। ਆਕਿਊਪੇਸ਼ਨਲ ਹੈਲਥ ਐਂਡ ਇਨਫੈਕਸ਼ਨ ਪ੍ਰਿਵੈਨਸ਼ਨ ਐਂਡ ਕੰਟਰੋਲ ਵੱਲੋਂ ਟੋਰਾਂਟੋ ਪਬਲਿਕ ਹੈਲਥ ਨਾਲ ਮਿਲ ਕੇ ਇਹ ਜਾਂਚ ਕੀਤੀ ਜਾ ਰਹੀ ਹੈ ਕਿ ਕਿਤੇ ਐਮਰਜੰਸੀ ਵਿਭਾਗ ਵਿੱਚ ਕਰੋਨਾਵਾਇਰਸ ਫੈਲਣ ਦਾ ਹੋਰ ਖਤਰਾ ਤਾਂ ਨਹੀਂ।

ਇਸ ਚਿੱਠੀ ਵਿੱਚ ਆਖਿਆ ਗਿਆ ਹੈ ਕਿ ਇਸ ਸਮੇਂ ਇੱਥੇ ਆਊਟਬ੍ਰੇਕ ਐਲਾਨੀ ਗਈ ਹੈ ਪਰ ਸਾਡੇ ਵੱਲੋਂ ਸਥਿਤੀ ਦਾ ਦੁਬਾਰਾ ਮੁਲਾਂਕਣ ਕੀਤਾ ਜਾ ਰਿਹਾ ਹੈ। ਵੀਕੈਂਡ ਉੱਤੇ ਹਸਪਤਾਲ ਵੱਲੋਂ ਕੋਵਿਡ ਨੈਗੇਟਿਵ ਮੰਨੀ ਜਾਣ ਵਾਲੀ ਆਪਣੀ ਇੱਕ ਯੂਨਿਟ ਵਿੱਚ ਪੰਜਵਾਂ ਆਊਟ੍ਰਬੇਕ ਐਲਾਨਿਆ ਗਿਆ ਸੀ। ਮੇਅਰ ਜੌਹਨ ਟੋਰੀ ਨੇ ਆਖਿਆ ਕਿ ਸਾਡੇ ਹਸਪਤਾਲ ਦੇ ਡਿਸਇਨਫੈਕਸ਼ਨ ਪ੍ਰੋਸੀਜ਼ਰ ਨੂੰ ਆਊਟਬ੍ਰੇਕ ਲਈ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ। ਟੋਰਾਂਟੋ ਵੈਸਟਰਨ ਸਮੇਤ ਸਾਡੇ ਸਾਰੇ ਹਸਪਤਾਲਾਂ ਵਿੱਚ ਡਿਸਇਨਫੈਕਸ਼ਨ ਪ੍ਰੋਸੀਜ਼ਰਜ਼ ਦੀ ਪਾਲਣਾ ਬੜੀ ਸਖ਼ਤੀ ਨਾਲ ਹੁੰਦੀ ਹੈ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Canada Consumer Credit Assistance | ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

DHINDSA LAW
Barrister, Solicitor & Notary Public
Criminal and Family Law
Immigration
Real Estate
Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood) | 330 Highway 7 E, Suite 309, Richmond Hill- L4B 3P8
Call: 437 998 1429

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

You can Place Your Business Here To Reach Wider Audience (905)793-2202

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive
Etobicoke ON M9V-3Z7
416-740-3262
2120 North park Drive
Brampton ON L6S 0C9
905-793-1338
10510 Torbram Road,
Brampton
905-790-0030
308 Eddystone Ave
North York ON M3N-1H7
416-740-3360
621 Wanless drive, # 122
Brampton ON L7A 0A9
905-495-3336
284 Orenda Road #13
Brampton ON L6T 5S3
905-450-9167
10 Pannahill Dr,
Brampton
905 913-8017
80 Pertosa Drive
Brampton ON L5X-5E9
905-460-0009
1075 Ceremonial Drive
Mississauga ON L5R 2Z4
905-502-1600
21 Lacoste Blvd,
Brampton, ON L6P 2K2
905 794-8109

# ਫਰਸਟ ਨੇਸ਼ਨਜ਼ ਤੇ ਸਰਕਾਰਾਂ ਵਿਚਾਲੇ ਪਾਈਪਲਾਈਨ ਮੁਜ਼ਾਹਰਿਆਂ ਸਬੰਧੀ ਸਮਝੌਤਾ ਸਿਰੇ ਚੜ੍ਹਨ ਦੀ ਸੰਭਾਵਨਾ



ਸਮਿਦਰਜ਼, ਬੀਸੀ, 14 ਮਈ (ਪੋਸਟ ਬਿਊਰੋ) : ਵੈਟਸੁਵੈਟਨ ਹੈਰੇਡਿਟਰੀ ਚੀਫਜ਼ ਤੇ ਫੈਡਰਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਵੱਲੋਂ ਅੱਜ ਸਮਝੌਤੇ ਉੱਤੇ ਸਹੀ ਪਾਏ ਜਾਣ ਦੀ ਸੰਭਾਵਨਾ ਹੈ। ਸਿਆਸਤਦਾਨਾਂ ਦਾ ਕਹਿਣਾ ਹੈ ਕਿ ਇਸ ਸਾਲ ਦੇ ਸ਼ੁਰੂ ਵਿੱਚ ਪਾਈਪਲਾਈਨ ਵਿਰੋਧੀ ਹੋਏ ਮੁਜ਼ਾਹਰਿਆਂ ਤੇ ਬਲਾਕੇਡਜ਼ ਤੋਂ ਬਾਅਦ ਇਸ ਕਦਮ ਨਾਲ ਸਬੰਧਾਂ ਵਿੱਚ ਸੁਧਾਰ ਹੋਣ ਦੀ ਉਮੀਦ ਹੈ।

ਪਰ ਇਸ ਡੀਲ ਨਾਲ ਬੀਸੀ ਦੇ ਅੰਦਰੂਨੀ ਹਿਸੇ ਵਿਚ ਸਥਿਤ ਮੂਲਵਾਸੀ ਕਮਿਊਨਿਟੀ ਨੂੰ ਤੋੜ ਕੇ ਰਖ ਦਿਤਾ ਹੈ। ਇਸ ਸਬੰਧ ਵਿਚ ਮੈਮੋਰੈਂਡਮ ਮਾਰਚ ਵਿਚ ਸਾਈਨ ਕੀਤਾ ਗਿਆ ਸੀ। ਜਿਸ ਤਹਿਤ ਕੈਨੇਡਾ ਭਰ ਦੇ ਅਰਥਚਾਰੇ ਨੂੰ ਨੁਕਸਾਨ ਪਹੁੰਚਾਉਣ ਵਾਲੇ ਫਰਸਟ ਨੇਸਨਜ ਵਲੋਂ ਕੀਤੇ ਜਾਣ ਵਾਲੇ ਮੁਜਾਹਰਿਆਂ ਤੇ ਬਲਾਕੇਡਜ ਨੂੰ ਖਤਮ ਕਰਨ ਉਤੇ ਸਹਿਮਤੀ ਬਣੀ ਸੀ।

ਜਿਕਰਯੋਗ ਹੈ ਕਿ ਹੈਰੇਡਿਟਰੀ ਚੀਫਜ ਵਲੋਂ ਉਨ੍ਹਾਂ ਦੀ ਟੈਰੇਟਰੀ ਰਾਹੀਂ ਹੋ ਕੇ ਵਿਛਾਈ ਜਾਣ ਵਾਲੀ ਕੋਸਟਲ ਗੈਸਲਿੰਕ ਪਾਈਪਲਾਈਨ ਦਾ ਵਿਰੋਧ ਕੀਤਾ ਜਾ ਰਿਹਾ ਸੀ ਜਦਕਿ ਇਸ ਸਮਝੌਤੇ ਨਾਲ ਉਨ੍ਹਾਂ ਦੇ ਅਧਿਕਾਰਾਂ ਤੇ ਟਾਈਟਲਜ ਨੂੰ ਮਾਨਤਾ ਦਿਤੀ ਜਾਵੇਗੀ। ਚੀਫਜ ਦਾ ਕਹਿਣਾ ਹੈ ਕਿ ਇਸ ਦਾ ਪਾਈਪਲਾਈਨ ਉਤੇ ਕੋਈ ਅਸਰ ਨਹੀਂ ਪਵੇਗਾ। ਫਰਸਟ ਨੇਸਨਜ ਦੇ ਚੁਣੇ ਹੋਏ ਚੀਫਜ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਵੀ ਗਲਬਾਤ ਵਿਚ ਸਾਮਲ ਕੀਤਾ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਵਲੋਂ ਇਸ ਸਮਝੌਤੇ ਨੂੰ ਨਾ ਮੰਨਣ ਦੀ ਬੇਨਤੀ ਵੀ ਕੀਤੀ ਜਾ ਰਹੀ ਹੈ।

# ਲਾਂਗ ਟਰਮ ਕੇਅਰ ਹੋਮਜ਼ ਬਾਰੇ ਓਨਟਾਰੀਓ ਸਰਕਾਰ ਨੇ ਜਾਰੀ ਕੀਤੇ ਨਵੇਂ ਐਮਰਜੰਸੀ ਆਰਡਰ



ਓਨਟਾਰੀਓ, 14 ਮਈ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਬੁੱਧਵਾਰ ਨੂੰ ਨਵੇਂ ਐਮਰਜੰਸੀ ਆਰਡਰ ਜਾਰੀ ਕਰਦਿਆਂ ਹੋਇਆਂ ਕੋਵਿਡ-19 ਆਊਟਬ੍ਰੇਕਸ ਕਾਰਨ ਸੰਘਰਸ਼ ਕਰ ਰਹੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਆਰਜ਼ੀ ਤੌਰ ਉੱਤੇ ਮੈਨੇਜਮੈਂਟ ਨੂੰ ਹੀ ਬਦਲੀ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਪਰ ਪ੍ਰੋਵਿੰਸ ਦੀ ਸਿਹਤ ਮੰਤਰੀ ਨੇ ਆਖਿਆ ਕਿ ਹਾਲ ਦੀ ਘੜੀ ਅਜਿਹੇ ਵਿਆਪਕ ਪ੍ਰਬੰਧਾਂ ਦੀ ਲੋੜ ਨਹੀਂ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਨਵੇਂ ਮਾਪਦੰਡ ਅਜਿਹੀਆਂ ਫੈਸਿਲਿਟੀਜ਼ ਵਿੱਚ ਕਮਜ਼ੋਰ ਸੀਨੀਅਰਜ਼ ਲਈ ਹਿਫਾਜ਼ਤ ਨੂੰ ਮਜ਼ਬੂਤ ਕਰਨ ਵਾਸਤੇ ਅਪਣਾਏ ਜਾ ਰਹੇ ਹਨ। ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਹੈ ਕਿ ਜੇ ਕਿਸੇ ਹੋਮ ਨੂੰ ਫੌਰੀ ਲੋੜ ਪੈਂਦੀ ਹੈ ਤਾਂ ਪ੍ਰੋਵਿੰਸ ਤੇਜ਼ੀ ਨਾਲ ਕੰਮ ਕਰ ਸਕੇ। ਤਾਜ਼ਾ ਸਰਕਾਰੀ ਡਾਟਾ ਅਨੁਸਾਰ ਪ੍ਰੋਵਿੰਸ ਵਿੱਚ 1200 ਤੋਂ ਵੀ ਵੱਧ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਦੀ ਕੋਵਿਡ-19 ਕਾਰਨ ਮੌਤ ਹੋ ਚੁੱਕੀ ਹੈ ਤੇ 180 ਹੋਮਜ਼ ਵਿੱਚ ਵਾਇਰਸ ਆਊਟਬ੍ਰੇਕਸ ਹੋਈਆਂ ਹਨ।

ਇਨ੍ਹਾਂ ਹੁਕਮਾਂ ਤਹਿਤ ਪ੍ਰੋਵਿੰਸ ਉਸ ਸੂਰਤ ਵਿੱਚ ਦਖਲ ਦੇਵੇਗੀ ਜੇ ਕਿਸੇ ਫੈਸਿਲਿਟੀ ਵਿੱਚ ਇਨਫੈਕਸ਼ਨਜ਼ ਜਾਂ ਮੌਤਾਂ ਦਾ ਅੰਕੜਾ ਵੱਧ ਹੋਵੇਗਾ ਜਾਂ ਫਿਰ ਉੱਥੇ ਸਟਾਫ ਦੀ ਕਿੱਲਤ ਹੋਵੇਗੀ। ਪ੍ਰੋਵਿੰਸ ਨੇ ਆਖਿਆ ਕਿ ਨਿਯੁਕਤ ਕੀਤਾ ਮੈਨੇਜਰ ਕੋਈ ਵਿਅਕਤੀ, ਕਾਰਪੋਰੇਸ਼ਨ ਜਾਂ ਹਸਪਤਾਲ ਹੋ ਸਕਦਾ ਹੈ। ਪਰ ਐਲੀਅਟ ਨੇ ਆਖਿਆ ਕਿ ਹੁਕਮਾਂ ਦੀ ਸ਼ਬਦਾਵਲੀ ਤੋਂ ਇਹ ਮਤਲਬ ਨਹੀਂ ਹੈ ਕਿ ਬਹੁਤੇ ਘਰਾਂ ਦਾ ਨਿਯੰਤਰਣ ਆਰਜ਼ੀ ਤੌਰ ਉੱਤੇ ਹੀ ਸਹੀ ਮੁਨਾਫਾ ਕਮਾਉਣ ਵਾਲੀਆਂ ਕਾਰਪੋਰੇਸ਼ਨਾਂ ਨੂੰ ਦੇ ਦਿੱਤਾ ਜਾਵੇਗਾ।

# ਕੈਨੇਡਾ ਤੇ ਅਮਰੀਕਾ ਵੱਲੋਂ 21 ਜੂਨ ਤੱਕ ਵਧਾਈ ਜਾ ਸਕਦੀ ਹੈ ਸਰਹੱਦੀ ਆਵਾਜਾਈ ਉੱਤੇ ਪਾਬੰਦੀ



ਓਟਵਾ, 14 ਮਈ (ਪੋਸਟ ਬਿਊਰੋ) : ਕੈਨੇਡਾ ਅਤੇ ਅਮਰੀਕਾ ਵੱਲੋਂ 21 ਜੂਨ ਤੱਕ ਆਪਣੀਆਂ ਸਰਹੱਦਾਂ ਨੂੰ ਗੈਰ ਜ਼ਰੂਰੀ ਆਵਾਜਾਈ ਲਈ ਹੋਰ ਬੰਦ ਰੱਖਣ ਦਾ ਫੈਸਲਾ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਦੋਵਾਂ ਦੇਸ਼ਾਂ ਦੇ ਸੂਤਰਾਂ ਵੱਲੋਂ ਬੁੱਧਵਾਰ ਨੂੰ ਦਿੱਤੀ ਗਈ।

ਇਸ ਤੋਂ ਪਹਿਲਾਂ ਦੋਵਾਂ ਮੁਲਕਾਂ ਵੱਲੋਂ 18 ਅਪਰੈਲ ਨੂੰ ਸਰਹੱਦ ਨੂੰ 21 ਮਈ ਤੱਕ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਸੀ। ਪਰ ਹੁਣ ਜਦੋਂ ਅਜੇ ਤੱਕ ਕੋਵਿਡ-19 ਦੇ ਮਾਮਲਿਆਂ ਵਿੱਚ ਕੋਈ ਕਮੀ ਨਹੀਂ ਆਈ ਹੈ ਤਾਂ ਕੈਨੇਡਾ ਵੱਲੋਂ ਇਨ੍ਹਾਂ ਹੁਕਮਾਂ ਨੂੰ ਇੱਕ ਮਹੀਨੇ ਲਈ ਹੋਰ ਵਧਾਉਣ ਵਾਸਤੇ ਦਬਾਅ ਪਾਇਆ ਜਾ ਰਿਹਾ ਹੈ।

ਕੈਨੇਡੀਅਨ ਸਰਕਾਰ ਦੇ ਸਰੋਤ ਨੇ ਅਮਰੀਕਾ ਨਾਲ ਇਸ ਸਬੰਧੀ ਹੋਈ ਗੱਲਬਾਤ ਨੂੰ ਸਕਾਰਾਤਮਕ ਦੱਸਦਿਆਂ ਆਖਿਆ ਕਿ ਹਾਲ ਦੀ ਘੜੀ ਪਾਬੰਦੀਆਂ ਚੁੱਕਣਾ ਕਾਫੀ ਜਲਦਬਾਜ਼ੀ ਵਾਲਾ ਫੈਸਲਾ ਹੋਵੇਗਾ, ਇਸੇ ਲਈ ਅਸੀਂ ਇਨ੍ਹਾਂ ਪਾਬੰਦੀਆਂ ਵਿੱਚ ਵਾਧੇ ਲਈ ਕੰਮ ਕਰ ਰਹੇ ਹਾਂ। ਵਾਸ਼ਿੰਗਟਨ ਵਿੱਚ ਅਮਰੀਕੀ ਅਧਿਕਾਰੀ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਦੋਵੇਂ ਧਿਰਾਂ ਇਨ੍ਹਾਂ ਪਾਬੰਦੀਆਂ ਵਿੱਚ 30 ਦਿਨ ਦੇ ਵਾਧੇ ਲਈ ਸਹਿਮਤ ਹਨ।

ਮੰਗਲਵਾਰ ਨੂੰ ਚੀਫ ਕੈਨੇਡੀਅਨ ਪਬਲਿਕ ਹੈਲਥ ਅਧਿਕਾਰੀ ਨੇ ਆਖਿਆ ਸੀ ਕਿ ਅਮਰੀਕਾ ਵਿੱਚ ਤੇਜ਼ੀ ਨਾਲ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਹੋ ਰਿਹਾ ਹੈ ਤੇ ਇਸ ਲਈ ਉਸ ਨਾਲ ਕੈਨੇਡਾ ਨੂੰ ਵੀ ਖਤਰਾ ਹੈ।

# ਕੈਨੇਡਾ ਤੇ ਅਮਰੀਕੀ ਸਰਹੱਦ ’ਤੇ ਸਕਰੀਨਿੰਗ ਲਈ ਵਰਤੇ ਜਾਣਗੇ ਸਖ਼ਤ ਨਿਯਮ



ਓਟਵਾ, 14 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਅਮਰੀਕਾ ਤੋਂ ਕੈਨੇਡਾ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਨੂੰ ਨਿਯੰਤਰਣ ਵਿਚ ਰਖਣ ਲਈ ਕੈਨੇਡਾ ਸਖਤ ਸਕਰੀਨਿੰਗ ਮਾਪਦੰਡ ਅਪਨਾਵੇਗਾ।

ਅਗਲੇ ਹਫਤੇ ਗੈਰ ਜਰੂਰੀ ਆਵਾਜਾਈ ਸਬੰਧੀ ਪਾਬੰਦੀ ਖਤਮ ਹੋਣ ਜਾ ਰਹੀ ਹੈ ਤੇ ਉਸ ਤੋਂ ਬਾਅਦ ਕੀ ਕੈਨੇਡਾ ਅਮਰੀਕੀ ਸਰਹਦ ਨੂੰ ਖੋਲ੍ਹ ਦਿਤਾ ਜਾਵੇਗਾ ਇਸ ਬਾਰੇ ਪ੍ਰਧਾਨ ਮੰਤਰੀ ਨੇ ਕੁਝ ਨਹੀਂ ਆਖਿਆ। ਟਰੂਡੋ ਨੇ ਆਖਿਆ ਕਿ ਫੈਡਰਲ ਸਰਕਾਰ ਕਰਾਸ ਬਾਰਡਰ ਟਰੈਫਿਕ ਵਿਚ ਹੋਣ ਵਾਲੇ ਵਾਧੇ ਨੂੰ ਲੈ ਕੇ ਲੋੜੋਂ ਵਧ ਚੌਕਸੀ ਤੋਂ ਕੰਮ ਲੈ ਰਹੀ ਹੈ। ਇਥੇ ਇਹ ਵੀ ਦਸਣਾ ਬਣਦਾ ਹੈ ਕਿ ਹੁਣ ਦੋਵਾਂ ਦੇਸਾਂ ਵਿਚ ਕਾਰੋਬਾਰ ਮੁੜ ਖੁਲ੍ਹ ਰਹੇ ਹਨ ਤੇ ਹੋਰਨਾਂ ਪਾਬੰਦੀਆਂ ਵਿਚ ਵੀ ਢਿਲ ਦਿਤੀ ਜਾ ਰਹੀ ਹੈ।

ਕੁਝ ਪ੍ਰੋਵਿੰਸੀਅਲ ਪ੍ਰੀਮੀਅਰਜ, ਜਿਨ੍ਹਾਂ ਵਿਚ ਓਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਵੀ ਸਾਮਲ ਹਨ, ਨੇ ਆਖਿਆ ਕਿ ਉਹ ਵਾਇਰਸ ਫੈਲਣ ਦੇ ਡਰ ਤੋਂ ਅਮਰੀਕੀ ਵਿਜਿਟਰਸ ਨੂੰ ਇਧਰ ਨਹੀਂ ਆਉਣ ਦੇਣਾ ਚਾਹੁੰਦੀ। ਇਥੇ ਇਹ ਵੀ ਦਸਣਾ ਬਣਦਾ ਹੈ ਕਿ ਬਾਰਡਰ ਤੋਂ ਪਾਰ ਵਾਇਰਸ ਦਾ ਕਾਫੀ ਜੋਰ ਦਸਿਆ ਜਾਂਦਾ ਹੈ।

# ਕੈਨੇਡਾ ਲਈ ਮਨਜ਼ੂਰ ਚੀਨੀ ਮਾਸਕਸ ਅਮਰੀਕਾ ਵੱਲੋਂ ਜਾਅਲੀ ਹੋਣ ਦਾ ਦਾਅਵਾ

...ਪੰਨਾ 1 ਦਾ ਬਾਕੀ

ਦ ਗੁਆਂਗਡੋਂਡ ਗੋਲਡਨ ਲੀਵਜ਼ ਟੈਕਨੋਲੋਜੀ ਡਿਵੈਲਪਮੈਂਟ ਕੰਪਨੀ ਲਿਮਟਿਡ ਚੀਨ ਦੀਆਂ 65 ਮੈਨੂਫੈਕਚਰਿੰਗ ਕੰਪਨੀਆਂ ਵਿੱਚੋਂ ਇੱਕ ਹੈ ਜਿਨ੍ਹਾਂ ਦਾ ਆਪਣੇ ਉਤਪਾਦ ਵੇਚਣ ਦਾ ਅਧਿਕਾਰ ਅਮਰੀਕਾ ਵੱਲੋਂ ਵਾਪਿਸ ਲੈ ਲਿਆ ਗਿਆ। ਇਹ ਫੈਸਲਾ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ (ਸੀਡੀਸੀ) ਵੱਲੋਂ ਕੀਤੇ ਗਏ ਟੈਸਟਸ ਤੋਂ ਬਾਅਦ ਕੀਤਾ ਗਿਆ।

ਇੱਥੇ ਦੱਸਣਾ ਬਣਦਾ ਹੈ ਕਿ ਇਨ੍ਹਾਂ ਮੈਨੂਫੈਕਚਰਰਜ਼ ਨੂੰ ਕੈਨੇਡਾ ਵਿਚ ਮਨਜ਼ੂਰੀ ਮਿਲੀ ਹੋਈ ਹੈ। ਪਰ ਉਨ੍ਹਾਂ ਦੇ ਉਤਪਾਦਾਂ ਨੂੰ ਕੈਨੇਡਾ ਵਿਚ ਵੀ ਹੈਲਥ ਕੇਅਰ ਵਰਕਰਜ ਨੂੰ ਵੰਡਿਆਂ ਨਹੀਂ ਗਿਆ ਹੈ। ਇਹ ਜਾਣਕਾਰੀ ਪਬਲਿਕ ਸਰਵਿਸਿਜ ਐਂਡ ਪ੍ਰੋਕਿਓਰਮੈਂਟ ਕੈਨੇਡਾ ਨੇ ਦਿਤੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਨਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਕਰਿਆ ਕੇਂਦਰ ਸੀ ਕੱਲ੍ਹ ਐਲਾਨ ਪਹਿਲਾ,
ਕਰਿਆ ਦੂਜਾ ਐਲਾਨ ਗਿਆ ਅੱਜ ਬੇਲੀ।
ਕੀਤਾ ਲੱਖਾਂ-ਕਰੋੜਾਂ ਦਾ ਜ਼ਿਕਰ ਸੁਣ ਕੇ,
ਖਬਰਾਂ ਨਾਲ ਗਈ ਜਨਤਾ ਹੈ ਰੱਜ ਬੇਲੀ।
ਪਿਆ ਲੋਕਾਂ ਦਾ ਪੱਲੇ ਨਹੀਂ ਕੱਖ ਦੀਂਹਦਾ,
ਕੱਜਿਆ ਹੋਰਨਾਂ ਦਾ ਗਿਆ ਹੈ ਕੱਜ ਬੇਲੀ।
ਪੂੰਜੀਪਤੀਆਂ ਦਾ ਲਿਆ ਜਦ ਪੱਖ ਜਾਂਦਾ,
ਵਰਤਿਆ ਜਾਂਦਾ ਹੈ ਲੋਕਾਂ ਦਾ ਪੱਜ ਬੇਲੀ।
ਕਿਹੜੇ ਹਾਲ ਨੂੰ ਪੁੱਜਾ ਪਿਆ ਲੋਕਤੰਤਰ,
ਕਰਿਆ ਹੋਰ ਤਾਂ ਕਿਹਾ ਕੁਝ ਹੋਰ ਜਾਂਦੈ।
ਆਦਮੀ ਆਮ ਦੇ ਸਾਥ ਦੀ ਹੋਏ ਚਰਚਾ,
ਸਾਲੋ-ਸਾਲ ਪਿਆ ਹੋਈ ਕਮਜ਼ੋਰ ਜਾਂਦੈ।

**ਤੀਸ ਮਾਰ ਖਾਂ**

# ਨਵੇਂ ਚੱਕਰ ਵਿੱਚ ਫਸੇ ਡੋਨਾਲਡ ਟਰੰਪ: ਰਾਸ਼ਟਰਪਤੀ ਹੁੰਦਿਆਂ ਹੋਟਲ ਦਾ ਫਾਇਦਾ ਲੈਣ ਦਾ ਮੁਕੱਦਮਾ ਫਿਰ ਚਲਾਉਣ ਦੇ ਹੁਕਮ

ਵਾਸ਼ਿੰਗਟਨ, 14 ਮਈ, (ਪੋਸਟ ਬਿਊਰੋ)- ਅਮਰੀਕਾ ਦੀ ਇਕ ਫੈਡਰਲ ਅਪੀਲ ਕੋਰਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਉਸ ਦੇ ਵਾਸ਼ਿੰਗਟਨ ਵਾਲੇ ਲਗਜ਼ਰੀ ਹੋਟਲ ਲਈ ਰਾਸ਼ਟਰਪਤੀ ਹੁੰਦੇ ਹੋਏ ਗੈਰ-ਕਾਨੂੰਨੀ ਢੰਗ ਫਾਇਦਾ ਲੈਣ ਦਾ ਮੁਕੱਦਮਾ ਇਕ ਵਾਰ ਫਿਰ ਚਾਲੂ ਕਰਨ ਦਾ ਹੁਕਮ ਦੇ ਦਿੱਤਾ ਹੈ।

ਮੈਰੀਲੈਂਡ ਸਟੇਟ ਅਤੇ ਕੋਲੰਬੀਆ ਜ਼ਿਲੇ ਨੇ ਇਹ ਕੇਸ ਦਾਇਰ ਕਰਦੇ ਹੋਏ ਦਾਅਵਾ ਕੀਤਾ ਸੀ ਕਿ ਡੋਨਾਲਡ ਟਰੰਪ ਨੇ ਟਰੰਪ ਇੰਟਰਨੈਸ਼ਨਲ ਹੋਟਲ ਵਿਚ ਠਹਿਰਨ ਵਾਲੇ ਵਿਦੇਸ਼ੀ ਅਤੇ ਘਰੇਲੂ ਅਧਿਕਾਰੀਆਂ ਰਾਹੀਂ ਮੁਨਾਫਾ ਹਾਸਲ ਕਰ ਕੇ ਦੇਸ਼ ਦੇ ਸੰਵਿਧਾਨ ਵਿੱਚ



ਸੈਲਰੀ ਦੇ ਨਿਯਮਾਂ ਦਾ ਉਲੰਘਣ ਕੀਤਾ ਹੈ। ਅਮਰੀਕਾ ਦੇ ਜ਼ਿਲਾ ਜੱਜ ਪੀਟਰ ਮੈਸੀਟੇ ਨੇ ਕੇਸ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਪਰ ਰਿਚਮੰਡ ਦੀ ਅਮਰੀਕੀ ਸਰਕਿਟ ਕੋਰਟ ਆਫ ਅਪੀਲਸ ਦੇ ਤਿੰਨ ਜੱਜਾਂ ਨੇ ਪੈਨਲ ਨੇ ਉਨ੍ਹਾਂ ਦਾ ਹੁਕਮ ਪਿਛਲੇ ਸਾਲ ਜੁਲਾਈ ਵਿਚ ਪਲਟ ਦਿੱਤਾ ਸੀ। ਉਸ ਪੈਨਲ ਵੱਲੋਂ ਕੇਸ ਰੋਕਣ ਵਾਲੇ ਉਸ ਹੁਕਮ ਨੂੰ ਅੱਜ ਵੀਰਵਾਰ 15 ਜੱਜਾਂ ਦੀ ਫੁੱਲ ਕੋਰਟ ਨੇ ਪਲਟ ਦਿੱਤਾ ਤੇ 9-6 ਦੇ ਬਹੁਮਤ ਦੇ ਫੈਸਲੇ ਵਿਚ ਕੋਰਟ ਨੇ ਇਹ ਕਿਹਾ ਕਿ ਤਿੰਨ ਜੱਜਾਂ ਦੇ ਪੈਨਲ ਨੇ ਜੱਜ ਮੇਸੀਟੇ ਨੂੰ ਕੇਸ ਰੱਦ ਕਰਨ ਦਾ ਹੁਕਮ ਦੇ ਕੇ ਆਪਣੇ ਅਧਿਕਾਰ ਤੋਂ ਬਾਹਰ ਜਾ ਕੇ ਕੰਮ ਕੀਤਾ ਸੀ। ਤਾਜ਼ਾ ਸਥਿਤੀ ਵਿੱਚ ਡੋਨਾਲਡ ਟਰੰਪ ਦੇ ਖਿਲਾਫ ਅਹੁਦੇ ਦਾ ਲਾਭ ਲੈਣ ਦਾ ਕੇਸ ਫਿਰ ਚੱਲੇਗਾ।

# ਪੰਜਾਬ ਵਿੱਚ ਕੋਰੋਨਾ ਕੇਸ ਵਧ ਕੇ 1985 ਤੱਕ ਜਾ ਪਹੁੰਚੇ, ਪਹਿਲੇ ਕੇਸਾਂ ਦੀ ਰਿਕਵਰੀ ਵਧੀ




ਚੰਡੀਗੜ੍ਹ, 14 ਮਈ, (ਪੋਸਟ ਬਿਊਰੋ)- ਪੰਜਾਬ ਵਿਚ ਕੋਰੋਨਾ ਵਾਇਰਸ ਦੇ ਨਵੇਂ ਪਾਜ਼ੇਟਿਵ ਕੇਸਾਂ ਦੀ ਗਿਣਤੀ ਬੀਤੇ ਕੁਝ ਦਿਨਾਂ ਤੋਂ ਕੰਟਰੋਲ ਵਿਚ ਆ ਗਈ ਹੈ, ਪਰ ਰੁਕੀ ਨਹੀਂ। ਅੱਜ ਵੀਰਵਾਰ ਤੱਕ ਕੇਸਾਂ ਦੀ ਕੁੱਲ ਗਿਣਤੀ 1985 ਹੋ ਚੁੱਕੀ ਹੈ, ਪਰ ਚੰਗੀ ਗੱਲ ਇਹ ਹੈ ਕਿ ਇਸ ਬੀਮਾਰੀ ਦੇ ਬਾਅਦ ਠੀਕ ਹੋਣ ਵਾਲਿਆਂ ਦੀ ਗਿਣਤੀ ਵੀ ਵਧ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਜ ਵੀਰਵਾਰ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ 19 ਨਵੇਂ ਕੇਸ ਪਤਾ ਲੱਗੇ ਹਨ ਅਤੇ ਇਸ ਬੀਮਾਰੀ ਦੇ ਪੀੜਤ 95 ਲੋਕ ਠੀਕ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ ਹਨ। ਅੱਜ ਵੀਰਵਾਰ ਨੂੰ ਜਲੰਧਰ ਵਿਚ ਨੌਂ, ਲੁਧਿਆਣੇ ਵਿੱਚ ਤਿੰਨ ਅਤੇ ਪਟਿਆਲਾ ਤੇ ਰੋਪੜ ਜ਼ਿਲਿਆਂ ਵਿਚ ਇਕ-ਇਕ ਨਵਾਂ ਕੇਸ ਮਿਲਿਆ ਹੈ। ਓਧਰ ਅੰਮ੍ਰਿਤਸਰ ਵਿਚ ਸਭ ਤੋਂ ਵੱਧ 45 ਅਤੇ ਤਰਨ ਤਾਰਨ ਵਿੱਚ ਵੀ ਕੁਝ ਲੋਕ ਠੀਕ ਹੋਏ ਹਨ। ਫਾਜ਼ਿਲਕਾ ਜ਼ਿਲੇ ਵਿੱਚ ਤਿੰਨ ਕੇਸ ਨਵੇਂ ਨਿਕਲੇ ਹਨ, ਪਰ ਚਾਰ ਮਰੀਜ਼ ਠੀਕ ਵੀ ਹੋ ਗਏ ਹਨ।

ਅੱਜ ਵੀਰਵਾਰ ਸ਼ਾਮ ਤੱਕ ਜ਼ਿਲਾ ਅੰਮ੍ਰਿਤਸਰ ਵਿੱਚ 301 ਕੇਸ ਅਤੇ 4 ਮੌਤਾਂ ਹੋ ਚੁੱਕੀਆਂ ਹਨ, ਜਦ ਕਿ ਜਲੰਧਰ ਵਿੱਚ 208 ਕੇਸਾਂ ਅਤੇ 6 ਮੌਤਾਂ ਦੀ ਖਬਰ ਹੈ। ਇਸ ਸਮੇਂ ਦੌਰਾਨ ਲੁਧਿਆਣਾ ਵਿੱਚ 144 ਕੇਸ 6 ਮੌਤਾਂ, ਮੋਹਾਲੀ 105 ਕੇਸ 3 ਮੌਤਾਂ, ਨਵਾਂ ਸ਼ਹਿਰ 105 ਕੇਸ 1 ਮੌਤ, ਪਟਿਆਲਾ 104 ਕੇਸ 2 ਮੌਤਾਂ, ਹੁਸ਼ਿਆਰਪੁਰ 93 ਕੇਸ 4 ਮੌਤਾਂ, ਰੋਪੜ 63 ਕੇਸ 1 ਮੌਤ, ਫਿਰੋਜ਼ਪੁਰ 43 ਕੇਸ 1 ਮੌਤ, ਪਠਾਨਕੋਟ 29 ਕੇਸ 1 ਮੌਤ, ਕਪੂਰਥਲਾ 28 ਕੇਸ 2 ਮੌਤਾਂ, ਬਰਨਾਲਾ ਵਿੱਚ 21 ਕੇਸ ਤੇ 1 ਮੌਤ ਹੋ ਚੁੱਕੀ ਹੈ। ਤਰਨ ਤਾਰਨ ਵਿਚ 162 ਕੇਸ, ਸੰਗਰੂਰ 97 ਕੇਸ, ਮੁਕਤਸਰ 66 ਕੇਸ, ਮੋਗਾ 58 ਕੇਸ, ਫ਼ਤਹਿਗੜ੍ਹ ਸਾਹਿਬ 57 ਕੇਸ, ਫ਼ਰੀਦਕੋਟ 47 ਕੇਸ, ਬਠਿੰਡਾ 41 ਕੇਸ, ਫਾਜ਼ਿਲਕਾ 44 ਕੇਸ ਤੇ ਮਾਨਸਾ 35 ਕੇਸ ਹੋ ਚੁੱਕੇ ਹਨ, ਪਰ ਇਨ੍ਹਾਂ ਜ਼ਿਲਿਆਂ ਵਿੱਚ ਮੌਤਾਂ ਹੋਣ ਤੋਂ ਅਜੇ ਤੱਕ ਬਚਾਅ ਹੈ।

# ਭਾਰਤ ਵਿੱਚ ਕੋਰੋਨਾ ਦੇ ਕੇਸਾਂ ਦੀ ਗਿਣਤੀ 80 ਹਜ਼ਾਰ ਲਾਗੇ ਪੁੱਜੀ

## * ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਵਿੱਚ ਕਹਿਰ ਜਾਰੀ

ਨਵੀਂ ਦਿੱਲੀ, 14 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਅੱਜ ਵੀਰਵਾਰ ਤੱਕ ਵਧਦੀ ਹੋਈ 80 ਹਜ਼ਾਰ ਨੇੜੇ ਪੁੱਜ ਗਈ ਹੈ। ਵੀਰਵਾਰ ਸ਼ਾਮ ਤੱਕ ਕੁੱਲ ਕੇਸ 79,333 ਹੋ ਚੁੱਕੇ ਹਨ ਅਤੇ 2564 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਦੌਰਾਨ 26,675 ਲੋਕ ਇਸ ਤੋਂ ਪੀੜਤ ਹੋਣ ਤੋਂ ਬਾਅਦ ਠੀਕ ਵੀ ਹੋ ਚੁੱਕੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਮਹਾਰਾਸ਼ਟਰ ਤੇ ਗੁਜਰਾਤ ਵਿੱਚ ਨਵੇਂ ਕੇਸ ਮਿਲਣਾ ਤੇ ਮੌਤਾਂ ਹੋਣਾ ਰੁਕ ਨਹੀਂ ਰਿਹਾ। ਬੀਤੇ ਇੱਕੋ ਦਿਨ ਵਿੱਚ ਮਹਾਰਾਸ਼ਟਰ ਵਿੱਚ 1602 ਨਵੇਂ ਕੇਸ ਪਤਾ ਲੱਗੇ ਅਤੇ 44 ਮਰੀਜ਼ਾਂ ਦੀ ਮੌਤ ਹੋਈ ਹੈ।



ਅੱਜ ਵੀਰਵਾਰ ਸ਼ਾਮ ਤੱਕ ਮਹਾਰਾਸ਼ਟਰ ਵਿੱਚ 25922 ਕੇਸ ਹੋ ਚੁੱਕੇ ਹਨ ਅਤੇ 975 ਮੌਤਾਂ ਹੋਈਆਂ ਹਨ, ਜਦ ਕਿ ਦੂਸਰੇ ਸਭ ਤੋਂ ਵੱਧ ਪ੍ਰਭਾਵਤ ਰਾਜ ਗੁਜਰਾਤ ਦੇ ਇੱਕੋ ਦਿਨ 324 ਨਵੇਂ ਕੇਸਾਂ ਨਾਲ ਕੁੱਲ ਕੇਸਾਂ ਦੀ ਗਿਣਤੀ 9,542 ਅਤੇ ਮੌਤਾਂ ਦੀ ਗਿਣਤੀ 566 ਹੋ ਗਈ ਹੈ। ਤੀਸਰੇ ਸਭ ਤੋਂ ਵੱਧ ਪ੍ਰਭਾਵਤ ਰਾਜ ਮੱਧ ਪ੍ਰਦੇਸ਼ ਵਿੱਚ ਕੁੱਲ ਮੌਤਾਂ 232 ਅਤੇ ਕੇਸ 4173 ਕੇਸ ਹੋ ਚੁੱਕੇ ਹਨ। ਪੱਛਮੀ ਬੰਗਾਲ ਵਿੱਚ 2290 ਕੇਸ ਤੇ ਮੌਤਾਂ ਦੀ ਗਿਣਤੀ 207, ਰਾਜਸਥਾਨ ਵਿੱਚ 121 ਮੌਤਾਂ ਅਤੇ 4338 ਕੇਸ, ਦਿੱਲੀ ਵਿੱਚ 106 ਮੌਤਾਂ ਅਤੇ 7998 ਕੇਸਾਂ ਦੇ ਨਾਲ ਉੱਤਰ ਪ੍ਰਦੇਸ਼ 83 ਮੌਤਾਂ ਹੋਣ ਦੇ ਇਲਾਵਾ ਇਸ ਰਾਜ ਵਿੱਚ ਕੁੱਲ ਕੇਸਾਂ ਦੀ ਗਿਣਤੀ ਵੀ 3729 ਤੱਕ ਪੁੱਜ ਚੁੱਕੀ ਹੈ।

## ਮਨਪ੍ਰੀਤ ਸਿੰਘ ਬਾਦਲ ਦੇ ਪਿਤਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਛੋਟੇ ਭਰਾ ਗੁਰਦਾਸ ਬਾਦਲ ਦਾ ਦੇਹਾਂਤ

ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਪਿਤਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਛੋਟੇ ਭਰਾ ਗੁਰਦਾਸ ਬਾਦਲ (88) ਦਾ ਵੀਰਵਾਰ ਦੇਰ ਰਾਤ ਮੋਹਾਲੀ ਵਿੱਚ ਨਿਧਨ ਹੋ ਗਿਆ। ਸਾਬਕਾ ਸਾਂਸਦ ਗੁਰਦਾਸ ਬਾਦਲ ਨੂੰ ਸਿਹਤ ਵਿਗੜਨ ਦੇ ਬਾਅਦ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ । ਜ਼ਿਕਰਯੋਗ ਹੈ ਕਿ 19 ਮਾਰਚ ਨੂੰ ਮਨਪ੍ਰੀਤ ਦੀ ਮਾਤਾ ਹਰਮਿੰਦਰ ਕੌਰ (74) ਦਾ ਵੀ ਦੇਹਾਂਤ ਹੋ ਗਿਆ ਸੀ।



# ਸਪੇਨ ਦੀ 113 ਸਾਲ ਦੀ ਮਾਰੀਆ ਨੇ ਵੀ ਕੋਰੋਨਾ ਨੂੰ ਹਰਾਇਆ

ਮੈਡਰਿਡ, 14 ਮਈ (ਪੋਸਟ ਬਿਊਰੋ)- ਸਪੇਨ ਦੀ 113 ਸਾਲ ਦੀ ਮਾਰੀਆ ਬ੍ਰਾਇਨਸ ਨੇ ਕੋਰੋਨਾ 'ਤੇ ਜਿੱਤ ਹਾਸਲ ਕਰ ਲਈ ਹੈ। ਉਹ ਕੋਰੋਨਾ ਨੂੰ ਹਰਾਉਣ ਵਾਲੀ ਸਭ ਤੋਂ ਵਡੇਰੀ ਉਮਰ ਦੀ ਮਰੀਜ਼ ਹਨ।

ਕੈਟਾਲੋਨੀਆ ਸੂਬੇ ਦੇ ਓਲੋਟ ਵਿੱਚ ਕੇਅਰ ਹੋਮ ਵਿੱਚ ਰਹਿਣ ਵਾਲੀ ਮਾਰੀਆ ਨੂੰ ਅਪ੍ਰੈਲ ਵਿੱਚ ਕੋਰੋਨਾ ਪਾਜ਼ੀਟਿਵ ਮੰਨਿਆ ਗਿਆ ਸੀ। ਇਸ ਪਿੱਛੋਂ ਉਨ੍ਹਾਂ ਨੇ ਖੁਦ ਨੂੰ ਆਈਸੋਲੇਟ ਕਰ ਦਿੱਤਾ ਸੀ, ਕਿਉਂਕਿ ਕੈਟਾਲੋਨੀਆ ਕੋਰੋਨਾ ਵਿੱਚ ਸਭ ਤੋਂ ਵੱਧ ਪ੍ਰਭਾਵਤ ਇਲਾਕਾ ਹੈ ਅਤੇ ਇਥੇ ਕਈ ਲੋਕਾਂ ਦੀ ਮੌਤ ਹੋ ਚੁੱਕੀ ਹੈ। ਉਹ 1918 ਵਿੱਚ ਸਪੈਨਿਸ਼ ਫਲੂ ਅਤੇ ਹੋਰ ਬਿਮਾਰੀਆਂ ਦੇ ਪ੍ਰਭਾਵ ਪਿੱਛੋਂ ਵੀ ਠੀਕ ਹੋ ਚੁੱਕੀ ਹੈ। ਮਾਰੀਆ ਦੇ ਤਿੰਨ ਬੱਚਿਆਂ ਵਿੱਚੋਂ ਇੱਕ ਦੀ ਉਮਰ 86 ਸਾਲ ਹੈ। ਇਸ ਦੇ ਇਲਾਵਾ ਉਨ੍ਹਾਂ ਦੇ 11 ਪੋਤੇ ਅਤੇ 13 ਪੜਪੋਤੇ ਵੀ ਹਨ। ਮਾਰੀਆ ਨੇ ਮਾਰਚ ਦੇ ਅਖੀਰ ਵਿੱਚ ਸੋਸ਼ਲ ਮੀਡੀਆ 'ਤੇ ਲਿਖਿਆ ਸੀ ਕਿ ਕੋਰੋਨਾ ਉਨ੍ਹਾਂ ਦੇ ਕੇਅਰ ਹੋਮ ਤੱਕ ਆ ਚੁੱਕਾ ਹੈ। ਇਸ ਪਿੱਛੋਂ ਦੋ ਅਪ੍ਰੈਲ ਨੂੰ ਲਿਖਿਆ, "ਮੈਂ ਆਪਣੇ ਕਮਰੇ ਵਿੱਚ ਨਿਡਰ ਹਾਂ ਅਤੇ ਇਸ ਉਮੀਦ ਨਾਲ ਰਹਿ ਰਹੀ ਹਾਂ ਕਿ ਸਭ ਠੀਕ ਹੋ ਜਾਏਗਾ। ਮੈਂ ਸਮਝ ਨਹੀਂ ਪਾ ਰਹੀ ਕਿ ਦੁਨੀਆ ਵਿੱਚ ਕੀ ਹੋ ਰਿਹਾ ਹੈ, ਪਰ ਮੈਂ ਜਾਣਦੀ ਹਾਂ ਕਿ ਕੁਝ ਵੀ ਇੱਕੋ ਜਿਹਾ ਨਹੀਂ ਰਹਿੰਦਾ। ਬੱਸ ਇਸ ਨੂੰ ਫਿਰ ਤੋਂ ਤੇ ਨਵੇਂ ਤਰੀਕੇ ਨਾਲ ਕਰਨਾ ਹੋਵੇਗਾ। ਕੋਰੋਨਾ ਤੋਂ ਠੀਕ ਹੋਣ ਪਿੱਛੋਂ ਮਾਰੀਆ ਨੇ ਕਿਹਾ, ਮੈਂ ਵਿਸ਼ਵ ਜੰਗ ਤੋਂ ਲੈ ਕੇ ਮਹਾਮਾਰੀ ਤੱਕ ਆਪਣੇ ਜੀਵਨ ਵਿੱਚ ਖੁੱਲ੍ਹ ਕੇ ਜਿਊਣ ਦੇ ਇਲਾਵਾ ਕੁਝ ਨਹੀਂ ਕੀਤਾ। ਮੈਂ ਅੱਜ ਤੁਹਾਡੀ ਮਦਦ ਕਰਨ ਦੇ ਸਮਰੱਥ ਨਹੀਂ ਹਾਂ, ਕਿਉਂਕਿ ਅਸਲ ਵਿੱਚ ਮੇਰੀ ਉਮਰ ਇਸ ਲਾਇਕ ਨਹੀਂ ਹੈ।"

# ਭਾਰਤ ਸਰਕਾਰ ਦਾ ਨਵਾਂ ਪੈਕੇਜ: ਬਿਨਾਂ ਰਾਸ਼ਨ ਕਾਰਡ ਵਾਲੇ ਹਰ ਵਿਅਕਤੀ ਨੂੰ ਵੀ 5 ਕਿੱਲੋ ਅਨਾਜ ਮਿਲੇਗਾ

ਨਵੀਂ ਦਿੱਲੀ, 14 ਮਈ, (ਪੋਸਟ ਬਿਊਰੋ)- ਭਾਰਤ ਦੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਵੀਰਵਾਰ ਨੂੰ ਪ੍ਰੈਸ ਕਾਨਫਰੰਸ ਵਿੱਚ ਕਿਸਾਨਾਂ, ਪ੍ਰਵਾਸੀ ਮਜ਼ਦੂਰਾਂ ਅਤੇ ਰੇਹੜੀ-ਪੱਟੜੀ ਵਾਲਿਆਂ ਦੇ ਲਈ ਕਈ ਐਲਾਨ ਕੀਤੇ ਅਤੇ ਕਿਹਾ ਕਿ ਇਹ ਸਾਰੇ ਦੱਬੇ-ਕੁਚਲੇ ਲੋਕ ਵੀ ਸਾਡੀ ਸਰਕਾਰ ਦੀ ਪਹਿਲ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸੰਕਟ ਦੀ ਘੜੀ ਵਿੱਚ ਅਸੀਂ ਸਭ ਤੋਂ ਪਹਿਲਾਂ ਗਰੀਬਾਂ ਦੇ ਖਾਤੇ ਵਿੱਚ ਪੈਸੇ ਪਾਏ ਸਨ। ਖਜ਼ਾਨਾ ਮੰਤਰੀ ਨੇ ਕਿਹਾ ਕਿ ਲਾਕਡਾਊਨ ਜ਼ਰੂਰ ਲੱਗਾ ਹੋਇਆ ਹੈ, ਪਰ ਸਰਕਾਰ ਲਗਾਤਾਰ ਦਿਨ-ਰਾਤ ਕੰਮ ਕਰ ਰਹੀ ਹੈ।



ਨਿਰਮਲਾ ਸੀਤਾਰਮਨ ਨੇ ਦੱਸਿਆ ਕਿ ਇਸ ਦੌਰਾਨ 25 ਲੱਖ ਕਿਸਾਨ ਕ੍ਰੈਡਿਟ ਕਾਰਡ ਜਾਰੀ ਕੀਤੇ ਅਤੇ 3 ਕਰੋੜ ਕਿਸਾਨਾਂ ਨੂੰ ਮਦਦ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਰਾਜਾਂ ਨੂੰ ਆਫਤ ਫੰਡ ਦੀ ਵਰਤੋਂ ਕਰਨ ਦੀ ਮਨਜ਼ੂਰੀ ਦਿੱਤੀ ਗਈ ਅਤੇ ਸ਼ਹਿਰੀ ਗਰੀਬਾਂ ਦੀ 11 ਹਜ਼ਾਰ ਕਰੋੜ ਰੁਪਏ ਮਦਦ ਕੀਤੀ ਹੈ। ਖਜ਼ਾਨਾ ਮੰਤਰੀ ਨੇ ਕਿਹਾ ਕਿ ਸ਼ਹਿਰੀ ਗਰੀਬਾਂ ਲਈ ਭੋਜਨ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾ ਰਿਹਾ ਅਤੇ ਸ਼ਹਿਰੀ ਇਲਾਕਿਆਂ ਵਿਚਲੇ ਬੇਘਰ ਲੋਕਾਂ ਨੂੰ ਸ਼ੈਲਟਰ ਹੋਮ ਵਿੱਚ 3 ਟਾਈਮ ਦਾ ਖਾਣਾ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਮਜ਼ਦੂਰਾਂ ਨੂੰ ਧਿਆਨ ਵਿੱਚ ਰੱਖਿਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਮਨਰੇਗਾ ਰਾਹੀਂ ਕੰਮ ਦਿੱਤਾ ਜਾਵੇਗਾ। ਮੰਤਰੀ ਨੇ ਦਾਅਵਾ ਕੀਤਾ ਕਿ 2.33 ਕਰੋੜ ਪ੍ਰਵਾਸੀ ਮਜ਼ਦੂਰਾਂ ਨੂੰ ਪੰਚਾਇਤਾਂ ਤੋਂ ਕੰਮ ਮਿਲਿਆ ਹੈ, ਜਿਸ ਨਾਲ ਮਨਰੇਗਾ ਲਈ 50 ਫੀਸਦੀ ਅਰਜ਼ੀਆਂ ਵਧ ਗਈਆਂ ਹਨ। ਉਨ੍ਹਾਂ ਕਿਹਾ ਕਿ ਮਨਰੇਗਾ ਲਈ ਦਿਹਾੜੀ ਵਧਾ ਕੇ 202 ਰੁਪਏ ਕਰ ਦਿੱਤੀ ਹੈ ਤੇ ਸਾਰੇ ਵਰਕਰਾਂ ਨੂੰ ਘੱਟੋ-ਘੱਟ ਮਜ਼ਦੂਰੀ ਦਾ ਅਧਿਕਾਰ ਦੇਣ ਦੀ ਤਿਆਰੀ ਚੱਲ ਰਹੀ ਹੈ, ਜਿਸ ਨਾਲ ਘੱਟੋ-ਘੱਟ ਮਜ਼ਦੂਰੀ ਵਿੱਚ ਖੇਤੀ ਖੇਤਰ ਵਿੱਚ ਨਾ-ਬਰਾਬਰੀ ਮੁਕਾਉਣ ਦੀ ਯੋਜਨਾ ਹੈ। ਖਜ਼ਾਨਾ ਮੰਤਰੀ ਨੇ ਕਿਹਾ ਕਿ ਸਾਰੇ ਕਾਮਿਆਂ ਲਈ ਸਾਲਾਨਾ ਹੈੱਲਥ ਚੈਕਅੱਪ ਵੀ ਜ਼ਰੂਰੀ ਕਰਨ ਯੋਜਨਾ ਬਣਾਈ ਜਾ ਰਹੀ ਹੈ।

ਇਸ ਦੌਰਾਨ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਖਤਰਨਾਕ ਖੇਤਰਾਂ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਕਰਮਚਾਰੀ ਬੀਮਾ ਸਕੀਮ (ਈ ਐੱਸ ਆਈ) ਜ਼ਰੂਰੀ ਕੀਤੀ ਗਈ ਹੈ ਅਤੇ ਜਦੋਂ ਔਰਤਾਂ ਨੂੰ ਦਿਨ-ਰਾਤ ਕੰਮ ਕਰਨਾ ਪੈਂਦਾ ਹੈ ਤਾਂ ਉਨ੍ਹਾਂ ਲਈ ਸੇਫਟੀ ਗਾਰਡ ਵੱਖਰੇ ਲਾਏ ਜਾਣਗੇ। ਉਨ੍ਹਾ ਕਿਹਾ ਕਿ ਜਿਨ੍ਹਾਂ ਲੋਕ ਕੋਲ ਰਾਸ਼ਨ ਕਾਰਡ ਜਾਂ ਕੋਈ ਹੋਰ ਕਾਰਡ ਨਹੀਂ, ਉਨ੍ਹਾਂ ਨੂੰ ਵੀ 5 ਕਿਲੋ ਆਟਾ, ਚਾਵਲ ਤੇ ਇਕ ਕਿਲੋ ਛੋਲਿਆਂ ਦੀ ਮਦਦ ਦਿੱਤੀ ਜਾਵੇਗੀ ਅਤੇ 3500 ਕਰੋੜ ਰੁਪਏ ਦੇ ਖਰਚ ਨਾਲ 8 ਕਰੋੜ ਪ੍ਰਵਾਸੀ ਮਜ਼ਦੂਰਾਂ ਨੂੰ ਇਹ ਲਾਭ ਰਾਜ ਸਰਕਾਰਾਂ ਰਾਹੀਂ ਦਿੱਤਾ ਜਾਵੇਗਾ, ਕਿਉਂਕਿ ਰਾਜ ਸਰਕਾਰਾਂ ਕੋਲ ਇਨ੍ਹਾਂ ਮਜ਼ਦੂਰਾਂ ਦੀ ਜਾਣਕਾਰੀ ਹੈ। ਮੰਤਰੀ ਨੇ ਕਿਹਾ ਕਿ ਵਨ ਨੇਸ਼ਨ-ਵਨ ਰਾਸ਼ਨ ਕਾਰਡ ਦੀ ਯੋਜਨਾ ਹਰ ਰਾਜ ਵਿੱਚ ਲਾਗੂ ਹੋਵੇਗੀ ਤੇ ਪ੍ਰਵਾਸੀ ਕਿਸੇ ਵੀ ਰਾਜ ਦੇ ਰਾਸ਼ਨ ਡਿਪੋ ਤੋਂ ਇਹ ਮਦਦ ਨਾਲ ਰਾਸ਼ਨ ਲੈ ਸਕੇਗਾ। ਉਨ੍ਹਾਂ ਕਿਹਾ ਕਿ ਸ਼ਹਿਰੀ ਗਰੀਬ ਪ੍ਰਵਾਸੀ ਮਜ਼ਦੂਰਾਂ ਲਈ ਪ੍ਰਧਾਨ ਮੰਤਰੀ ਰਿਹਾਇਸ਼ ਯੋਜਨਾ ਸਸਤੇ ਕਿਰਾਏ ਉੱਤੇ ਮਕਾਨ ਵਾਲੀ ਸਹੂਲਤ ਦੇਵੇਗੀ। ਉਨ੍ਹਾਂ ਕਿਹਾ ਕਿ ਸ਼ਿਸ਼ੂ ਮੁਦਰਾ ਲੋਨ ਵਿੱਚ ਰਿਜ਼ਰਵ ਬੈਂਕ ਨੇ ਤਿੰਨ ਮਹੀਨੇ ਦਾ ਮੌਰੀਟੋਰੀਅਮ ਦਿੱਤਾ ਹੈ, ਪਰ ਇਸ ਪਿੱਛੋਂ ਸਮੱਸਿਆ ਹੋਵੇ ਤਾਂ ਬੱਚਿਆਂ ਵਾਸਤੇ ਸ਼ਿਸ਼ੂ ਮੁਦਰਾ ਲੋਨ ਵਿੱਚ 50 ਹਜ਼ਾਰ ਰੁਪਏ ਤੱਕ ਲੋਨ ਲੈਣ ਵਾਲੇ ਨੂੰ ਮੌਰੀਟੋਰੀਅਮ ਤੋਂ ਬਾਅਦ 2 ਫੀਸਦੀ ਸਬਵੈਂਸ਼ਨ ਸਕੀਮ ਯਾਨੀ ਵਿਆਜ਼ ਵਿੱਚ ਛੋਟ ਦਾ ਲਾਭ ਅਗਲੇ 12 ਮਹੀਨੇ ਹੋਵੇਗਾ ਤੇ 3 ਕਰੋੜ ਲੋਕਾਂ ਨੂੰ ਇਸ ਦਾ ਕੁੱਲ 1500 ਕਰੋੜ ਰੁਪਏ ਦਾ ਲਾਭ ਹੋਵੇਗਾ। ਉਨ੍ਹਾ ਕਿਹਾ ਕਿ 6 ਤੋਂ 18 ਲੱਖ ਸਾਲਾਨਾ ਦੇ ਮਿਡਲ ਇਨਕਮ ਗਰੁੱਪ ਨੂੰ ਹਾਊਸਿੰਗ ਲੋਨ ਉੱਤੇ ਕ੍ਰੈਡਿਟ ਲਿੰਕਡ ਸਬਸਿਡੀ ਸਕੀਮ ਮਈ 2017 ਵਿੱਚ ਸ਼ੁਰੂ ਹੋਈ ਤੇ ਇਸ ਨੂੰ 31 ਮਾਰਚ 2020 ਤੱਕ ਵਧਾਇਆ ਸੀ, ਪਰ ਇਸ ਨੂੰ ਵਧਾ ਕੇ ਮਾਰਚ 2021 ਤੱਕ ਕਰ ਦਿਤਾ ਗਿਆ ਹੈ।

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

Mississauga $749,000
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

Vaughan $499,000
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

Kitchener $599,000
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

Brampton $699,000
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

MISSISSAUGA $299,000
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

Misissisauga $749,000
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

Blandford $349,000
Photo Not Available
23 Wilmot St: Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

Oshawa $659,000
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

Brampton $1,900,000
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

Brampton $749,000
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

Barrie $769,000
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $789,000
124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

Toronto $959,500
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

New Tecumseth $978,888
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

Mississauga $715,000
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਸਬ ਸਟੈਂਡਰਡ ਮਾਸਕਸ ਲਈ ਪੂਰੀ ਕੀਮਤ ਅਦਾ ਨਹੀਂ ਕਰੇਗਾ ਕੈਨੇਡਾ : ਟਰੂਡੋ

ਓਟਵਾ, 14 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਜਿਹੜੇ ਮੈਡੀਕਲ ਮਾਸਕਸ ਮੈਡੀਕਲ ਸਟੈਂਡਰਡਜ਼ ਦੇ ਹਿਸਾਬ ਨਾਲ ਨਹੀਂ ਹੋਣਗੇ ਉਨ੍ਹਾਂ ਲਈ ਕੈਨੇਡਾ ਪੂਰੀ ਕੀਮਤ ਅਦਾ ਨਹੀਂ ਕਰੇਗਾ।



ਉਨ੍ਹਾਂ ਸ਼ਨਿੱਚਰਵਾਰ ਨੂੰ ਆਖਿਆ ਕਿ ਅਸੀਂ ਪੀਪੀਈ ਲਿਆਉਣ ਲਈ ਬਹੁਤ ਸਖ਼ਤ ਮਿਹਨਤ ਕਰ ਰਹੇ ਹਾਂ। ਇਸ ਤੋਂ ਇੱਕ ਦਿਨ ਪਹਿਲਾਂ ਫੈਡਰਲ ਸਰਕਾਰ ਨੇ ਮਾਂਟਰੀਅਲ ਸਥਿਤ ਸਪਲਾਇਰ ਤੋਂ ਐਨ95 ਰੈਸਪੀਰੇਟਰਜ਼ ਦੀਆਂ ਖੇਪ ਲੈਣ ਤੋਂ ਉਸ ਸਮੇਂ ਇਨਕਾਰ ਕਰ ਦਿੱਤਾ ਜਦੋਂ ਮੇਡ ਇਨ ਚਾਈਨਾ ਮਾਸਕਸ ਲੋੜੀਂਦੇ ਮਿਆਰ ਪੂਰੇ ਕਰਨ ਵਿੱਚ ਅਸਫਲ ਹੋ ਗਏ।

ਟਰੂਡੋ ਨੇ ਆਖਿਆ ਕਿ ਇਸ ਕਦਮ ਤੋਂ ਕੈਨੇਡੀਅਨ ਸਰਕਾਰ ਦੇ ਸਖ਼ਤ ਵੈਰੀਫਿਕੇਸ਼ਨ ਸਿਸਟਮ ਦਾ ਪਤਾ ਚੱਲਦਾ ਹੈ, ਜਿਸ ਦੀ ਨਿਗਰਾਨੀ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਕੀਤੀ ਜਾਂਦੀ ਹੈ। ਉਨ੍ਹਾਂ ਆਖਿਆ ਕਿ ਅਸੀਂ ਉਨ੍ਹਾਂ ਮਾਸਕਸ ਲਈ ਪੂਰੀ ਕੀਮਤ ਨਹੀਂ ਦੇਵਾਂਗੇ ਜਿਹੜੇ ਵਰਤੋਂ ਯੋਗ ਹੀ ਨਹੀਂ ਹਨ। ਪ੍ਰਧਾਨ ਮੰਤਰੀ ਨੇ ਇਹ ਨਹੀਂ ਦੱਸਿਆ ਕਿ ਅਜਿਹੇ ਸਬ ਸਟੈਂਡਰਡ ਮਾਸਕਸ ਲਈ ਸਰਕਾਰ ਕਿੰਨੀ ਕੀਮਤ ਦੇਵੇਗੀ।

ਸਰਕਾਰ ਨੇ ਅਜਿਹੇ ਮਾਸਕਸ ਭੇਜਣ ਵਾਲੇ ਡਿਸਟ੍ਰਿਬਿਊਟਰ ਦਾ ਨਾਂ ਲੈਣ ਤੋਂ ਵੀ ਇਨਕਾਰ ਕਰ ਦਿੱਤਾ। ਮਹਾਂਮਾਰੀ ਫੈਲਣ ਕਾਰਨ ਮੰਗ ਵਧ ਜਾਣ ਤੋਂ ਬਾਅਦ ਕੈਨੇਡਾ ਕੋਲ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ (ਪੀਪੀਈ) ਦੀ ਕਮੀ ਪਾਈ ਜਾ ਰਹੀ ਹੈ।

# ਟੋਰਾਂਟੋ ਪੁਲਿਸ ਨੇ ਕੌਮਾਂਤਰੀ ਗਿਰੋਹ ਦਾ ਕੀਤਾ ਪਰਦਾਫਾਸ਼

ਟੋਰਾਂਟੋ, 14 ਮਈ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਕੌਮਾਂਤਰੀ ਪੱਧਰ ਦੇ ਕੋਕੀਨ ਡੀਲਰਜ਼ ਦੇ ਗਿਰੋਹ ਦਾ ਪਰਦਾਫਾਸ਼ ਕਰਕੇ ਵੱਡੀ ਮਾਤਰਾ ਵਿੱਚ ਖਾਲਸ ਕੋਕੀਨ ਫੜ੍ਹੀ ਗਈ ਹੈ ਜਿਸ ਨੂੰ ਕਥਿਤ ਤੌਰ ਉੱਤੇ ਕੈਨੇਡਾ ਭਰ ਵਿੱਚ ਸਮਗਲ ਕੀਤਾ ਜਾਣਾ ਸੀ।



ਡਰੱਗ ਸਕੁਐਡ ਇੰਸਪੈਕਟਰ ਡੌਨ ਬਲੈਂਗਰ ਨੇ ਦੱਸਿਆ ਕਿ ਪੁਲਿਸ ਵੱਲੋਂ ਕੁੱਝ ਪ੍ਰੋਫੈਸ਼ਨਲ ਡੀਲਰਜ਼ ਨੂੰ ਵੀ ਫੜ੍ਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਅਧਿਕਾਰੀਆਂ ਵੱਲੋਂ 61 ਕਿਲੋਗ੍ਰਾਮ ਖਾਲਸ ਕੋਕੀਨ ਫੜ੍ਹੀ ਗਈ ਹੈ। ਇਸ ਦਾ ਖੁਲਾਸਾ ਇੱਕ ਜਾਂਚ ਵਿੱਚ ਹੋਇਆ। ਪੁਲਿਸ ਵੱਲੋਂ ਪਿਛਲੇ ਸਾਲ ਪ੍ਰੋਜੈਕਟ ਕੋਰੀਡੋਰ ਨਾਂ ਦੀ ਮੁਹਿੰਮ ਚਲਾਈ ਗਈ ਸੀ। ਜਿਸ ਤਹਿਤ ਕੀਤੀ ਗਈ ਕਾਰਵਾਈ ਸਦਕਾ ਪੁਲਿਸ ਨੂੰ ਇਹ ਵੱਡੀ ਸਫਲਤਾ ਹਾਸਲ ਹੋਈ ਹੈ। ਬਲੈਂਗਰ ਨੇ ਆਖਿਆ ਕਿ ਕੋਕੀਨ ਇੱਕ ਕਿਲੋਗ੍ਰਾਮ ਦੀਆਂ ਇੱਟਾਂ ਵਿੱਚ ਪੈਕ ਕੀਤੀ ਗਈ ਸੀ ਜਿਨ੍ਹਾਂ ਨੂੰ ਕਥਿਤ ਤੌਰ ਉੱਤੇ ਕਈ ਥਾਂਵਾਂ ਉੱਤੇ ਰੱਖਿਆ ਗਿਆ ਸੀ ਜਿਵੇਂ ਕਿ ਮਿਡ ਟਾਊਨ ਟੋਰਾਂਟੋ, ਨੌਰਥ ਯੌਰਕ ਤੇ ਸਕਾਰਬੌਰੋ ਆਦਿ। ਉਨ੍ਹਾਂ ਦੱਸਿਆ ਕਿ ਪੁਲਿਸ ਅਧਿਕਾਰੀਆਂ ਨੇ 210,000 ਕੈਨੇਡੀਅਨ ਡਾਲਰ, 14000 ਅਮਰੀਕੀ ਡਾਲਰ ਤੋਂ ਇਲਾਵਾ 30,000 ਯੂਰੋ ਵੀ ਬਰਾਮਦ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੇ ਸਬੰਧ ਵਿੱਚ ਚਾਰ ਵਿਅਕਤੀਆਂ ਨੂੰ ਚਾਰਜ ਕਰਨ ਤੋਂ ਬਾਅਦ ਰਿਹਾਅ ਕੀਤਾ ਗਿਆ ਹੈ ਤੇ ਉਨ੍ਹਾਂ ਨੂੰ ਜੂਨ ਦੇ ਮੱਧ ਵਿੱਚ ਟੋਰਾਂਟੋ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਜਦਕਿ ਪੁਲਿਸ ਨੂੰ ਅਜੇ ਦੋ ਹੋਰ ਵਿਅਕਤੀਆਂ ਦੀ ਭਾਲ ਹੈ। 47 ਸਾਲਾ ਐਂਡਰਿਊ ਵਿਲਸਨ, 30 ਸਾਲ ਐਲਨ ਜੋਨਜ਼ ਸਮਿੱਥ ਕੋਕੀਨ ਦੀ ਸਮਗਲਿੰਗ ਕਰਨ ਦੇ ਸਬੰਧ ਵਿੱਚ ਪੁਲਿਸ ਨੂੰ ਲੋੜੀਂਦੇ ਹਨ।

# ਭਾਰਤ ਵਿੱਚ 30 ਜੂਨ ਤੱਕ ਰੈਗੂਲਰ ਰੇਲ ਗੱਡੀਆਂ ਚੱਲ ਸਕਣ ਦੀ ਸੰਭਾਵਨਾ ਖਤਮ

*** ਰੇਲਵੇ ਨੇ ਬੁੱਕ ਕੀਤੀਆਂ ਸਾਰੀਆਂ ਟਿਕਟਾਂ ਰੱਦ ਕਰ ਦਿੱਤੀਆਂ**

ਨਵੀਂ ਦਿੱਲੀ, 14 ਮਈ, (ਪੋਸਟ ਬਿਊਰੋ)- ਭਾਰਤੀ ਰੇਲਵੇ ਨੇ ਅੱਜ ਅਚਾਨਕ 30 ਜੂਨ ਤੱਕ ਬੁੱਕ ਕੀਤੀਆਂ ਆਪਣੀਆਂ ਸਭ ਟਿਕਟਾਂ ਰੱਦ ਕਰ ਦਿੱਤੀਆਂ ਹਨ, ਜਿਨ੍ਹਾਂ ਦਾ ਭਾਵ ਹੈ ਕਿ 30 ਜੂਨ ਤੱਕ ਰੇਲਾਂ ਚੱਲਣ ਦੀ ਆਸ ਨਹੀਂ। ਇਸ ਸੰਬੰਧ ਵਿੱਚ ਰੇਲਵੇ ਬੋਰਡ ਦੇ ਐਲਾਨ ਅਨੁਸਾਰ ਇਸ ਸਮੇਂ ਪ੍ਰਵਾਸੀ ਮਜ਼ਦੂਰਾਂ ਲਈ ਸ਼ਰਮਿਕ ਵਿਸ਼ੇਸ਼ ਰੇਲ ਗੱਡੀਆਂ ਅਤੇ ਇੱਕ ਦਿਨ ਪਹਿਲਾਂ ਸ਼ੁਰੂ ਕੀਤੀਆਂ 12 ਵਿਸ਼ੇਸ਼ ਰੇਲ ਗੱਡੀਆਂ ਚੱਲਣਗੀਆਂ। ਇਸ ਨਵੇਂ ਬਿਆਨ ਅਨੁਸਾਰ ਭਾਰਤੀ ਰੇਲਵੇ ਨੇ ਜਿਨ੍ਹਾਂ ਯਾਤਰੀਆਂ ਦੀਆਂ ਟਿਕਟਾਂ ਰੱਦ ਕੀਤੀਆਂ ਹਨ, ਉਨ੍ਹਾਂ ਨੂੰ ਜਲਦੀ ਸਾਰਾ ਪੈਸਾ ਰਿਫੰਡ ਕਰ ਦਿੱਤਾ ਜਾਵੇਗਾ। ਅਸਲ ਵਿੱਚ ਲਾਕਡਾਊਨ ਦੇ ਨਾਲ 22 ਮਾਰਚ ਤੋਂ ਸਾਰੇ ਭਾਰਤ ਵਿਚ ਗੱਡੀਆਂ ਬੰਦ ਹਨ ਤੇ ਇਸ ਦੌਰਾਨ ਆਈ ਆਰ ਸੀ ਟੀ ਸੀ (ਇੰਡੀਅਨ ਰੇਲਵੇ ਕੇਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ) ਦੀ ਟਿਕਟ ਰਿਜ਼ਰਵੇਸ਼ਨ 14 ਅਪ੍ਰੈਲ ਤੱਕ ਚੱਲਦੀ ਰਹੀ ਸੀ। ਇਸ ਤੋਂ ਪਹਿਲਾਂ 22 ਮਾਰਚ ਤੋਂ ਪਹਿਲਾਂ ਲੱਖਾਂ ਲੋਕਾਂ ਨੇ ਰੇਲਵੇ ਟਿਕਟਾਂ ਆਨਲਾਈਨ ਤੇ ਕਾਊਂਟਰ ਤੋਂ ਖਰੀਦੀਆਂ ਸਨ, ਪਰ ਲਾਕਡਾਊਨ ਦੇ ਐਲਾਨ ਨਾਲ ਗੱਡੀਆਂ ਰੁਕ ਗਈਆਂ ਅਤੇ ਯਾਤਰੀਆਂ ਦੇ ਪੈਸੇ ਫਸ ਗਏ ਸਨ। ਅੱਜ ਇਹ ਸਾਰੀਆਂ ਟਿਕਟਾਂ ਰੱਦ ਹੋ ਗਈਆਂ ਤੇ ਪੈਸੇ ਰਿਫੰਡ ਕੀਤੇ ਜਾਣ ਦਾ ਨਵਾਂ ਐਲਾਨ ਅਚਾਨਕ ਜਾਰੀ ਕਰ ਦਿੱਤਾ ਗਿਆ ਹੈ। ਪਿਛਲੇ ਬੁੱਧਵਾਰ ਸ਼ਾਮ ਨੂੰ ਭਾਰਤੀ ਰੇਲਵੇ ਨੇ ਐਲਾਨ ਕੀਤਾ ਸੀ ਕਿ 22 ਮਈ ਤੋਂ ਲਿਮਿਟਿਡ ਵੇਟਿੰਗ ਲਿਸਟ ਨਾਲ ਸਪੈਸ਼ਲ ਟ੍ਰੇਨਾਂ ਸ਼ੁਰੂ ਹੋਣਗੀਆਂ ਤੇ ਰੇਲਵੇ ਅਗਲੇ ਕੁਝ ਦਿਨਾਂ ਵਿਚ ਦੱਸੇਗਾ ਕਿ ਕਿਹੜੀਆਂ ਰੇਲ ਗੱਡੀਆਂ ਨੂੰ ਇਹ ਸਹੂਲਤ ਮਿਲੇਗੀ। ਇਸ ਦੌਰਾਨ ਇਕ ਹੋਰ ਹੁਕਮ ਵਿਚ ਰੇਲਵੇ ਨੇ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਕੋਰੋਨਾ ਦੇ ਲੱਛਣਾਂ ਕਾਰਨ ਰੇਲ ਵਿਚ ਯਾਤਰਾ ਕਰਨ ਦੀ ਆਗਿਆ ਨਹੀਂ ਮਿਲੇਗੀ, ਉਨ੍ਹਾਂ ਦੀ ਟਿਕਟ ਦਾ ਸਾਰਾ ਪੈਸਾ ਵਾਪਸ ਕਰ ਦਿੱਤਾ ਜਾਵੇਗਾ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

UK TRUCK TRAINING CENTRE (ukttc)
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਸੰਪਾਦਕੀ

## LMIA ਫਰਾਡ- ਪਬਲਿਕ ਸਭ ਜਾਣਦੀ ਹੈ - ਪਰ ਸਰਕਾਰ?

ਕੈਨੇਡਾ ਵਿੱਚ ਨਵੇਂ ਜਾਂ ਪੁਰਾਣੇ ਬਹੁਤ ਸਾਰੇ ਇੰਮੀਗਰਾਂਟੋ ਹੋਣਗੇ ਜਿਹਨਾਂ ਨੂੰ ਸੰਭਵਤਾ ਪਤਾ ਹੋਵੇ ਕਿ ਸਰਕਾਰ ਦੇ ਇੰਮੀਗਰੇਸ਼ਨ ਮਹਿਕ-ਮੇ ਦੀ ਇਬਾਰਤ ਦੇ ਚਾਰ ਸ਼ਬਦਾਂ IRCC ਦਾ ਪੂਰਾ ਖੁਲਾਸਾ Immigration, Refugee and Citizenship Canada ਹੈ। ਇਸਦੇ ਉਲਟ ਇਸ ਮਹਿਕਮੇ ਦਾ ਇੱਕ ਹੋਰ ਸ਼ਬਦ LMIA ਹੈ ਜਿਸਦੀ ਪੂਰੀ ਇਬਾਰਤ ਬਾਰੇ ਚਾਹੇ ਕਿਸੇ ਨੂੰ ਪਤਾ ਹੋਵੇ ਜਾਂ ਨਾਂ ਪਰ ਅਜਿਹੇ ਲੋਕ ਬਹੁਤ ਘੱਟ ਹੋਣਗੇ ਜਿਹਨਾਂ ਨੂੰ ਇਸ ਜਾਦੂ ਦੇ ਕਾਗਜ਼ ਦੀ ਤਾਕਤ ਬਾਰੇ ਪਤਾ ਨਾ ਹੋਵੇ। LMIA ਭਾਵ Labour Market Impact Assessment ਇੱਕ ਉਹ ਦਸਤਾਵੇਜ਼ ਹੈ ਜਿਸਦੀ ਦੋ ਨੰਬਰ ਮਾਰਕੀਟ ਵਿੱਚ ਕੀਮਤ 50 ਤੋਂ 70 ਹਜ਼ਾਰ ਡਾਲਰ ਤੱਕ ਦੱਸੀ ਜਾਂਦੀ ਹੈ। ਕਿਉਂਕਿ ਕੈਨੇਡਾ ਦੇ ਇੰਮੀਗਰੇਸ਼ਨ ਸਿਸਟਮ ਪ੍ਰਾਪਤ ਕੀਤੇ ਜਾਣ ਵਾਲੇ ਪੁਆਇੰਟਾਂ ਉੱਤੇ ਟਿਕਿਆ ਹੈ, ਇਸ ਜਾਦੂਮਈ ਦਸਤਾਵੇਜ਼ ਦਾ ਕਮਾਲ ਹੈ ਕਿ ਇਹ ਸਿੱਧੇ 50 ਅੰਕ ਪਰਮਾਨੈਂਟ ਰੈਜ਼ੀਡੈਂਟ ਬਣਨ ਦੇ ਚਾਹਵਾਨਾਂ ਦੇ ਪੱਲੇ ਪਾ ਦੇਂਦਾ ਹੈ। ਐਨਾ ਹੀ ਨਹੀਂ ਸਗੋਂ ਕੈਨੇਡਾ ਵਿੱਚ ਕੰਮ ਕਰਨ ਦਾ ਅਧਿਕਾਰ ਵੀ ਦੇ ਦੇਂਦਾ ਹੈ।

ਹਾਲਾਂਕਿ ਇੰਮੀਗਰੇਸ਼ਨ ਹਲਕਿਆਂ ਵਿੱਚ ਇਸ ਦਸਤਾਵੇਜ਼ ਦੇ ਵਿਕਣ ਅਤੇ ਖਰੀਦੇ ਜਾਣ ਦੀ ਗੱਲ ਇੱਕ ਜਾਣਿਆ ਪਹਿਚਾਣਿਆ ਤੱਥ ਹੈ ਪਰ ਸਰਕਾਰ ਦੇ ਉੱਚ ਅਧਿਕਾਰੀਆਂ, ਮੈਂਬਰ ਪਾਰਲੀਮੈਂਟ ਅਤੇ ਹੋਰ ਨੁਮਾਇੰਦਿਆਂ ਕੋਲ ਇਸ ਠੱਗੀ ਬਾਰੇ ਕੋਈ ਭਿਣਕ ਪਈ ਨਹੀਂ ਜਾਪਦੀ। ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਮੀਡੀਆ ਵਿੱਚ ਵੱਖ 2 ਪੱਧਰ ਉੱਤੇ (ਮੇਨ ਸਟਰੀਮ ਵਿੱਚ ਸਗੋਂ ਵੱਧ ਚਰਚਾ ਹੋਈ ਹੈ) ਇਹ ਮੁੱਦਾ ਚੁੱਕਿਆ ਗਿਆ ਹੈ। ਕੈਨੇਡੀਅਨ ਪੰਜਾਬੀ ਪੋਸਟ ਹੁਣ ਤੱਕ ਘੱਟੋ ਘੱਟ 3 ਐਡੀਟੋਰੀਅਲ ਲਿਖ ਚੁੱਕਾ ਹੈ। ਇਸਦੇ ਬਾਵਜੂਦ ਹਾਲੇ ਤੱਕ ਕਿਸੇ ਇੱਕ ਵੀ ਦੋਸ਼ੀ ਉੱਤੇ ਅਪਰਾਧਕ ਕੇਸ ਦਰਜ਼ ਨਹੀਂ ਹੋਇਆ ਹੈ। ਕੈਨੇਡਾ ਦੀ ਪਰਮਾਮੈਂਟ ਰੈਜ਼ੀਡੈਂਸੀ ਖਰੀਦਣਾ ਸਿਰਫ਼ ਵਿੱਤੀ ਘੁਟਾਲਾ ਨਹੀਂ ਸਗੋਂ ਕੈਨੇਡੀਅਨ ਕਦਰਾਂ ਕੀਮਤਾਂ ਉੱਤੇ ਸਿੱਧਾ ਮਾਰੂ ਹਮਲਾ ਹੈ। ਜੋ ਵਿਅਕਤੀ ਅੱਜ ਧੋਖੇ ਨਾਲ ਕੈਨੇਡਾ ਦਾਖਲ ਹੁੰਦਾ ਹੈ ਉਸਤੋਂ ਬਾਕੀ ਉਮਰ ਕਿਸ ਕਿਸਮ ਦੇ ਫੈਜ਼ ਦੀ ਉਮੀਦ ਕੀਤੀ ਜਾ ਸਕਦੀ ਹੈ।

ਇਹ ਨਹੀਂ ਕਿ ਇਸ ਹਮਾਮ ਵਿੱਚ ਸਿਰਫ਼ LMIA ਵੇਚਣ ਵਾਲੇ ਨੰਗੇ ਹਨ ਸਗੋਂ ਖਰੀਦਣ ਵਾਲੇ ਉਹਨਾਂ ਤੋਂ ਪਹਿਲਾਂ ਕੱਪੜੇ ਉਤਾਰ ਤਾਂਡਵ ਨਾਚ ਕਰਦੇ ਹਨ। ਕੈਨੇਡੀਅਨ ਪੰਜਾਬੀ ਪੋਸਟ ਕੋਲ ਅਜਿਹੀਆਂ ਕਈ ਮਿਸਾਲਾਂ ਹਨ ਜਿੱਥੇ ਇੰਟਰਨੈਸ਼ਨਲ ਸਟੂਡੈਂਟ ਜਾਂ ਵਰਕ ਪਰਮਿਟ ਉੱਤੇ ਆਏ ਲੋਕ ਥੋੜੀ ਮਿਹਨਤ ਨਾਲ ਪਰਮਾਨੈਂਟ ਰੈਜ਼ੀਡੈਂਟ ਬਣਨ ਦੇ ਕਾਬਲ ਸਨ ਪਰ ਭੇਡ ਚਾਲ ਤਹਿਤ LMIA ਖਰੀਦਣ ਨੂੰ ਹੀ ਸਫ਼ਲਤਾ ਦਾ ਗੁਰ ਮੰਨਦੇ ਦਰ -2 ਭੀਖ ਮੰਗਦੇ ਸਨ। ਜਿਹੜੇ ਲੋਕ 50 ਹਜ਼ਾਰ ਡਾਲਰ ਪੱਲਿਓਂ ਦੇ ਕੇ ਭੀਖ ਮੰਗਦੇ ਹਨ, ਉਹਨਾਂ ਦੇ ਆਚਾਰ ਵਿਹਾਰ ਬਾਰੇ ਵੀ ਸੋਚਣ ਦੀ ਲੋੜ ਹੈ। ਕੈਨੇਡਾ ਦੀ ਇੰਮੀਗਰੇਸ਼ਨ ਹਾਸਲ ਕਰਨ ਲਈ ਇੱਕ ਨਹੀਂ ਸੈਂਕੜੈ ਪ੍ਰੋਗਰਾਮ ਹਨ ਜਿਹਨਾਂ ਬਾਰੇ ਸਹੀ ਜਾਣਕਾਰੀ ਲੈ ਕੇ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ।

ਗੱਲ ਨੂੰ ਦੁਬਾਰਾ ਸਰਕਾਰ ਵੱਲ ਲਿਆਂਦਾ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਇੱਕਲਾ ਫਰਾਡ ਸਰਕਾਰ ਦੀ ਅਣਗਹਿਲੀ ਅਤੇ ਲਾਹਪਰਵਾਹੀ ਦਾ ਜਿਉਂਦਾ ਜਾਗਦਾ ਸਬੂਤ ਬਨਣ ਲਈ ਕਾਫ਼ੀ ਹੈ। ਗਲੋਬ ਐਂਡ ਮੇਲ ਅਖ਼ਬਾਰ ਨੇ ਪਿਛਲੇ ਸਾਲ 45 ਅਜਿਹੇ ਬਿਜਨਸਾਂ ਦੀ ਸੂਚੀ ਤਿਆਰ ਕੀਤੀ ਜਿਹੜੇ LMIA ਵੇਚਣ ਦੇ ਕੰਮ ਵਿੱਚ ਸ਼ਰੀਕ ਸਨ। ਸਰਕਾਰ ਨੂੰ ਸ਼ਾਬਾਸ਼ ਦਿੱਤੀ ਜਾ ਸਕਦੀ ਹੈ ਕਿ ਉਸ ਕੋਲ ਹਾਲੇ ਕੋਈ ਖ਼ਬਰ ਨਹੀਂ ਪੁੱਜੀ ਜਾਪਦੀ ਇਹਨੀਂ ਦਿਨੀਂ ਸੋਸ਼ਲ ਮੀਡੀਆ ਉੱਤੇ ਬਰੈਂਪਟਨ ਦੇ ਇੱਕ ਲਿਬਰਲ ਐਮ ਪੀ ਦੀ ਰਿਕਾਰਡਡ ਵੀਡੀਓ ਘੁੰਮ ਰਹੀ ਹੈ ਜਿਸ ਵਿੱਚ ਐਮ ਪੀ ਸਹਿਬਾਨ ਵੱਲੋਂ ਵਾਰ 2 ਦਾਅਵਾ ਕੀਤਾ ਜਾ ਰਿਹਾ ਹੈ ਕਿ ਜੇ ਫਰਾਡ ਹੁੰਦਾ ਹੈ ਤਾਂ ਸਾਡੇ ਕੋਲ ਲਿਖਤੀ ਸ਼ਿਕਾਇਤ ਕਰੋ। ਸ਼ਾਇਦ ਉਸ ਐਮ ਪੀ ਸਹਿਬਾਨ ਨੂੰ ਪਤਾ ਨਹੀਂ ਕਿ ਕਿਸੇ ਅਪਰਾਧ ਨੂੰ ਰੋਕਣ ਵਾਸਤੇ ਉਹਨਾਂ ਦੀ ਤਾਕਤ ਸਿਰਫ਼ ਕਾਕਸ ਵਿੱਚ ਮਤਾ ਪੇਸ਼ ਕਰਨ ਜਾਂ ਹਾਊਸ ਆਫ਼ ਕਾਮਨਜ਼ ਵਿੱਚ ਮੋਸ਼ਨ ਪੇਸ਼ ਕਰਨ ਤੱਕ ਸੀਮਤ ਹੈ। ਪਰ ਪਬਲਿਕ ਨੂੰ ਇਹ ਭਲੀ ਭਾਂਤ ਪਤਾ ਹੈ ਕਿ ਜੇ ਕਿਸੇ ਲਿਬਰਲ ਐਮ ਪੀ ਨੇ ਆਪਣਾ ਪਰੈੱਸ ਰੀਲੀਜ਼ ਜਾਰੀ ਕਰਨਾ ਹੋਵੇ ਤਾਂ ਉਸਨੂੰ ਪਹਿਲਾਂ ਪਾਰਟੀ ਹਾਈ ਕਮਾਂਡ ਤੋਂ ਪਰੂਫ ਰੀਡ ਕਰਵਾ ਕੇ ਮਨਜ਼ੂਰੀ ਲੈਣੀ ਪੈਂਦੀ ਹੈ। ਅਜਿਹੇ ਹਾਲਾਤਾਂ ਵਿੱਚ ਉਹ ਕੋਈ ਠੋਕਵਾਂ ਮੋਸ਼ਨ ਕਿਵੇਂ ਪੇਸ਼ ਕਰ ਦੇਣਗੇ?

ਆਖਦੇ ਹਨ ਕਿ ਕੈਨੇਡਾ ਦੀ ਇੰਮੀਗਰੇਸ਼ਨ ਹਾਸਲ ਕਰਨਾ ਇੱਕ ਸੁਫ਼ਨਾ ਹੁੰਦਾ ਹੈ। ਕੀ ਇਹ ਦੁਖਾਂਤ ਨਹੀਂ ਕਿ ਇਹ ਸੁਫ਼ਨਾ ਕਈਆਂ ਦੇ ਅਸਲੀ ਜੀਵਨ ਨੂੰ ਖਰਾਬ ਕਰਨ ਦੀ ਨੌਬਤ ਤੱਕ ਪੁੱਜ ਗਿਆ ਹੈ। ਅੱਜ ਐਨੀ ਲੋੜ ਕੋਈ ਨਵਾਂ ਕਾਨੂੰਨ ਬਣਾਉਣ ਦੀ ਨਹੀਂ ਜਿੰਨੀ ਮੌਜੂਦਾ ਕਾਨੂੰਨਾਂ ਨੂੰ ਵਰਤ ਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦੇਣ ਦੀ ਹੈ।

# ਓਨਟਾਰੀਓ 'ਚ ਠੱਪ ਪਏ ਕੁੱਝ ਕਾਰੋਬਾਰ ਤੇ ਸੇਵਾਵਾਂ ਵੀਕੈਂਡ 'ਤੇ ਹੋਣਗੀਆਂ ਸ਼ੁਰੂ

...ਪੰਨਾ 1 ਦਾ ਬਾਕੀ

16 ਮਈ,2020 ਤੋਂ ਰਾਤੀਂ 12:01 ਵਜੇ ਤੋਂ ਬਾਅਦ :

- ਗੌਲਫ ਕੋਰਸਿਜ਼, ਕਲੱਬਹਾਊਸ ਸਿਰਫ ਵਾਸ਼ਰੂਮਜ਼ ਲਈ ਤੇ ਰੈਸਟੋਰੈਂਟਸ ਟੇਕ ਆਊਟ ਲਈ ਖੁੱਲ੍ਹ ਸਕਣਗੇ।
- ਮਰੀਨਾਜ਼, ਬੋਟ ਕਲੱਬਜ਼ ਤੇ ਪਬਲਿਕ ਬੋਟ ਲਾਂਚਿਜ਼ ਮਨੋਰੰਜਨ ਲਈ ਖੁੱਲ੍ਹ ਸਕਣਗੇ।
- ਪ੍ਰਾਈਵੇਟ ਪਾਰਕਸ ਤੇ ਕੈਂਪਗ੍ਰਾਊਂਡਜ਼ ਸੀਜ਼ਨ ਦੀ ਤਿਆਰੀ ਲਈ ਖੁੱਲ੍ਹ ਸਕਣਗੇ ਤੇ ਜਿਨ੍ਹਾਂ ਓਨਰਜ਼ ਕੋਲ ਪੂਰੇ ਸੀਜ਼ਨ ਦਾ ਕਾਂਟਰੈਕਟ ਹੋਵੇਗਾ, ਲਈ ਟਰੇਲਰਜ਼ ਤੇ ਮਨੋਰੰਜਨ ਸਬੰਧੀ ਵ੍ਹੀਕਲਜ਼ ਲਈ ਖੁੱਲ੍ਹ ਸਕਣਗੇ।
- ਜਾਨਵਰਾਂ ਨਾਲ ਜੁੜੇ ਕਾਰੋਬਾਰ, ਜਿਵੇਂ ਕਿ ਅਸਤਬਲ, ਬੋਰਡਰਜ਼ ਲਈ ਖੁੱਲ੍ਹ ਸਕਣਗੇ, ਉਹ ਜਾਨਵਰਾਂ ਦੀ ਸਾਂਭ ਸੰਭਾਲ ਕਰ ਸਕਣਗੇ ਤੇ ਆਪਣੇ ਜਾਨਵਰਾਂ ਦੀ ਸਵਾਰੀ ਵੀ ਕਰ ਸਕਣਗੇ।

19 ਮਈ, 2020, ਮੰਗਲਵਾਰ ਰਾਤੀਂ 12:01 ਵਜੇ ਤੋਂ ਬਾਅਦ :

ਕੰਸਟ੍ਰਕਸ਼ਨ

- ਕੰਸਟ੍ਰਕਸ਼ਨ ਸ਼ੁਰੂ ਹੋ ਸਕੇਗੀ ਤੇ ਜ਼ਰੂਰੀ ਕੰਮ ਵਾਲੀਆਂ ਥਾਂਵਾਂ ਸਬੰਧੀ ਪਾਬੰਦੀਆਂ ਉਠਾਈਆਂ ਜਾਣਗੀਆਂ
- ਜ਼ਮੀਨ ਦੀ ਪੈਮਾਇਸ਼ ਦਾ ਕੰਮ ਵੀ ਸ਼ੁਰੂ ਹੋ ਸਕੇਗਾ

ਰਿਟੇਲ

ਆਨਲਾਈਨ ਆਪਰੇਟ ਕੀਤੇ ਜਾਣ ਵਾਲੇ ਰਿਟੇਲ ਜਾਂ ਕਰਬਸਾਈਡ ਪਿੱਕਅੱਪ ਤੇ ਡਲਿਵਰੀ ਤੋਂ ਇਲਾਵਾ ਹੇਠ ਲਿਖੀਆਂ ਪਾਬੰਦੀਆਂ ਤੇ ਗਾਈਡਲਾਈਨਜ਼ ਦੇ ਨਾਲ ਹਰ ਕਿਸਮ ਦਾ ਰਿਟੇਲ ਦਾ ਕੰਮ ਸ਼ੁਰੂ ਹੋ ਸਕੇਗਾ:

- ਕੋਈ ਇੰਡੋਰ ਮਾਲਜ਼ ਨਹੀਂ
- ਸਟਰੀਟ ਫਰੰਟ ਐਂਟਰੈਂਸ ਦਾ ਹੋਣਾ ਜ਼ਰੂਰੀ
- ਸਟੋਰ ਵਿਚ ਐਪੁਆਇੰਟਮੈਂਟ ਦੇ ਨਾਲ ਜਾਂ ਇੱਕ ਸਮੇਂ ਵਿੱਚ ਘੱਟ ਤੋਂ ਘੱਟ ਲੋਕਾਂ ਨੂੰ ਦਾਖਲ ਕਰਕੇ ਸਟੋਰ ਖੋਲ੍ਹੇ ਜਾ ਸਕਣਗੇ। ਪ੍ਰਤੀ ਸਕੁਏਅਰ ਮੀਟਰ ਵਿੱਚ ਰਿਟੇਲਰਜ਼ ਨੂੰ ਗਾਹਕਾਂ ਦੀ ਗਿਣਤੀ ਸੀਮਤ ਕਰਨੀ ਹੋਵੇਗੀ
- ਦਰਵਾਜ਼ਿਆਂ ਵਾਲੇ ਫਿਟਿੰਗ ਰੂਮਜ਼ ਦੀ ਹੀ ਵਰਤੋਂ ਕਰਨੀ ਹੋਵੇਗੀ, ਪਰਦਿਆਂ ਵਾਲੇ ਫਿਟਿੰਗ ਰੂਮ ਨਹੀਂ ਚੱਲਣਗੇ। ਇਨ੍ਹਾਂ ਨੂੰ ਵੀ ਡਿਸਇਨਫੈਕਟ ਕਰਨਾ ਹੋਵੇਗਾ। ਫਿਜ਼ੀਕਲ ਡਿਸਟੈਂਸਿੰਗ ਦਾ ਵੀ ਖਿਆਲ ਰੱਖਣਾ ਹੋਵੇਗਾ

ਵ੍ਹੀਕਲ ਡੀਲਰਸ਼ਿਪਜ਼ ਐਂਡ ਰਿਟੇਲਰਜ਼ :

- ਨਵੀਆਂ ਤੇ ਵਰਤੀਆਂ ਹੋਈਆਂ ਕਾਰਾਂ, ਟਰੱਕ ਤੇ ਮੋਟਰਸਾਈਕਲ ਡੀਲਰਜ਼
- ਰੀਕ੍ਰਿਏਸ਼ਨਲ ਵ੍ਹੀਕਲ(ਆਰਵੀ) ਡੀਲਰਜ਼
- ਬੋਟ, ਵਾਟਰਕ੍ਰਾਫਟ ਤੇ ਮਰੀਨ ਸਪਲਾਈ ਡੀਲਰਜ਼
- ਮੋਟਰਾਈਜ਼ਡ ਬਾਈਸਾਈਕਲ, ਗੌਲਫ ਕਾਰਟਸ, ਸਕੂਟਰਜ਼, ਸਨੋਅਮੋਬਾਈਲਜ਼, ਏਟੀਵੀਜ਼, ਯੂਟਿਲਿਟੀ ਟਰੇਲਰਜ਼ ਆਦਿ ਦੇ ਡੀਲਰ

ਮੀਡੀਅਰ ਆਪਰੇਸ਼ਨਜ਼

ਆਫਿਸ ਸਥਿਤ ਮੀਡੀਆ ਆਪਰੇਸ਼ਨਜ਼, ਜਿਨ੍ਹਾਂ ਵਿੱਚ ਅਜਿਹਾ ਸਾਜ਼ੋ ਸਮਾਨ ਸ਼ਾਮਲ ਹੋਵੇ ਜਿਸ ਉੱਤੇ ਦੂਰੋਂ ਕੰਮ ਨਾ ਕੀਤਾ ਜਾ ਸਕਦਾ ਹੋਵੇ, ਮਿਸਾਲ ਵਜੋਂ:

- ਸਾਊਂਡ ਰਿਕਾਰਡਿੰਗ, ਜਿਵੇਂ ਕਿ ਪ੍ਰੋਡਕਸ਼ਨ, ਡਿਸਟ੍ਰੀਬਿਊਸ਼ਨ, ਪਬਲਿਸ਼ਿੰਗ ਸਟੂਡੀਓਜ਼
- ਫਿਲਮ ਅਤੇ ਟੈਲੀਵਿਜ਼ਨ ਪੋਸਟ ਪ੍ਰੋਡਕਸ਼ਨ, ਫਿਲਮ ਅਤੇ ਟੈਲੀਵਿਜ਼ਨ ਐਨੀਮੇਸ਼ਨ ਸਟੂਡੀਓਜ਼
- ਪਬਲਿਸ਼ਿੰਗ :ਪੀਰੀਓਡੀਕਲ, ਬੁਕ, ਡਾਇਰੈਕਟਰੀ, ਸਾਫਟਵੇਅਰ, ਵੀਡੀਓ ਗੇਮਜ਼
- ਇੰਟਰੈਕਟਿਵ ਡਿਜੀਟਲ ਮੀਡੀਆ, ਜਿਵੇਂ ਕਿ ਕੰਪਿਊਟਰ ਸਿਸਟਮ ਡਿਜ਼ਾਈਨ ਤੇ ਸਬੰਧਤ ਸੇਵਾਵਾਂ
- ਜਿਹੜੀਆਂ ਗਤੀਵਿਧੀਆਂ ਦੂਰ ਦਰਾਜ਼ ਤੋਂ ਕੀਤੀਆਂ ਜਾ ਸਕਦੀਆਂ ਹਨ ਉਨ੍ਹਾਂ ਨੂੰ ਜਾਰੀ ਰੱਖਣ ਦੀ ਹੱਲਾਸ਼ੇਰੀ ਦਿੱਤੀ ਜਾਵੇਗੀ
- ਇਸ ਪਹਿਲੇ ਪੜਾਅ ਵਿੱਚ ਫਿਲਮਿੰਗ ਜਾਂ ਹੋਰ ਆਨ-ਸਾਈਟ ਗਤੀਵਿਧੀਆਂ, ਖਾਸ ਤੌਰ ਉੱਤੇ ਜਿਨ੍ਹਾਂ ਵਿੱਚ ਵਰਕਰਜ਼ ਦੇ ਇੱਕਠੇ ਹੋਣ, ਪਰਫੌਰਮਰਜ਼ ਜਾਂ ਹੋਰਨਾਂ ਦੇ ਇੱਕਠੇ ਹੋਣ ਦੀ ਲੋੜ ਹੋਵੇ, ਉਨ੍ਹਾਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਨਿਰਧਾਰਤ ਸਰਜਰੀਜ਼ (ਪਬਲਿਕ ਤੇ ਪ੍ਰਾਈਵੇਟ ਫੈਸਿਲਿਟੀਜ਼)

ਹੁਣ ਪਬਕਿਲ ਤੇ ਪ੍ਰਾਈਵੇਟ ਹਸਪਤਾਲ ਨਿਰਧਾਰਤ ਸਰਜਰੀਜ਼ ਕਰ ਸਕਣਗੇ, ਅਜਿਹੀਆਂ ਸਰਜਰੀਜ਼ ਜਿਹੜੀਆਂ ਕੋਵਿਡ-19 ਮਹਾਂਮਾਰੀ ਕਾਰਨ ਟਲ ਰਹੀਆਂ ਸਨ।

- ਹੈਲਥ ਸੇਵਾਵਾਂ
- ਵਿਅਕਤੀਗਤ ਕਾਊਂਸਲਿੰਗ ਤੇ ਨਿਰਧਾਰਤ ਸਰਜਰੀਜ਼ ਤੋਂ ਇਲਾਵਾ ਬੱਚਿਆਂ ਦੇ ਟਰੀਟਮੈਂਟ ਸੈਂਟਰ ਵੀ ਵਿਅਕਤੀਗਤ ਸੇਵਾਵਾਂ ਦੇ ਸਕਣਗੇ
- ਸਾਈਕੋਥੈਰੇਪੀ ਤੇ ਨਾਲ ਨਾਲ ਮੈਂਟਲ ਹੈਲਥ ਤੇ ਸਪੋਰਟ ਸਰਵਿਸਿਜ਼ ਵੀ ਸ਼ੁਰੂ ਹੋਣਗੀਆਂ।
- ਅਡਿਕਸ਼ਨ ਕਾਊਂਸਲਿੰਗ
- ਕ੍ਰਾਈਸਿਸ ਇੰਟਰਵੈਂਸ਼ਨ
- ਪਰਿਵਾਰ ਦੀ ਕਾਊਂਸਲਿੰਗ
- ਅਫੈਂਡਰ ਰੀਹੈਬਿਲੀਟੇਸ਼ਨ
- ਬਿਮਾਰੀ ਸਬੰਧੀ ਕੇਅਰ ਲਈ ਕਾਊਂਸਲਿੰਗ
- ਪੇਰੈਂਟਿੰਗ ਸਰਵਿਸਿਜ਼
- ਰੇਪ ਕ੍ਰਾਈਸਿਸ ਸੈਂਟਰਜ਼
- ਰਫਿਊਜੀ ਸੇਵਾਵਾਂ

ਇਨ੍ਹਾਂ ਤੋਂ ਇਲਾਵਾ ਲਾਇਬ੍ਰੇਰੀਜ਼ ਤੋਂ ਪਿੱਕ ਅਪ ਤੇ ਡਲਿਵਰੀ ਹੋ ਸਕੇਗੀ, ਪੂਲਜ਼ ਬੰਦ ਰਹਿਣਗੇ, ਟੀਮ ਵਿੱਚ ਨਾ ਖੇਡੀਆਂ ਜਾਣ ਵਾਲੀਆਂ ਖੇਡਾਂ ਲਈ ਆਊਟਡੋਰ ਮਨੋਰੰਜਨ ਵਾਲੇ ਸਪੋਰਟਸ ਸੈਂਟਰ ਖੁੱਲ੍ਹਣਗੇ, ਜਿਵੇਂ ਕਿ ਟੈਨਿਸ ਕੋਰਟਸ, ਰੌਡ ਐਂਡ ਗੰਨ ਕਲੱਬ, ਸਾਈਕਲਿੰਗ ਟਰੈਕਸ, ਘੁੜਸਵਾਰੀ ਵਾਲੀਆਂ ਫੈਸਿਲਿਟੀਜ਼ ; ਇਲੈਕਟ੍ਰੌਨਿਕਸ, ਕੰਪਿਊਟਰਜ਼, ਕੈਮਿਸਟਰੀ, ਓਸ਼ੀਐਨੋਗ੍ਰਾਫੀ, ਜ਼ਿਓਲੋਜੀ, ਮੈਥੇਮੈਟਿਕਸ, ਫਿਜ਼ਿਕਸ, ਐਨਵਾਇਰਮੈਂਟਲ, ਮੈਡੀਸਿਨ, ਹੈਲਥ, ਬਾਇਓਲੋਜੀ, ਬੌਟਨੀ, ਬਾਇਓਟੈਕਨੌਲੋਜੀ, ਐਗਰੀਕਲਚਰ, ਫਿਸ਼ਰੀਜ਼, ਫੌਰੈਸਟਰੀ, ਫਾਰਮੇਸੀ, ਵੈਟਰਨਰੀ ਤੇ ਹੋਰ ਰਿਸਰਚ ਤੇ ਐਕਸਪੈਰੀਮੈਂਟਲ ਪ੍ਰੋਫੈਸ਼ਨਲ ਸਰਵਿਸਿਜ਼ ਸ਼ੁਰੂ ਹੋਣਗੀਆਂ; ਸਾਰੀਆਂ ਐਮਿਸ਼ਨਜ਼ ਇੰਸਪੈਕਸ਼ਨ ਫੈਸਿਲਿਟੀਜ਼ ਸ਼ੁਰੂ ਹੋਣਗੀਆਂ; ਪਾਲਤੂ ਜਾਨਵਰਾਂ ਦੀ ਗਰੂਮਿੰਗ, ਪੈਟ ਸਿਟਿੰਗ ਸੇਵਾਵਾਂ, ਡੌਗ ਵਾਕਿੰਗ ਸੇਵਾਵਾਂ, ਪੈਟ ਟਰੇਨਿੰਗ ਸੇਵਾਵਾਂ, ਸਰਵਿਸ ਜਾਨਵਰਾਂ ਦੀ ਟਰੇਨਿੰਗ ਤੇ ਪ੍ਰੋਵਿਜ਼ਨ; ਪ੍ਰਾਈਵੇਟ ਹਾਊਸਹੋਲਡ ਹੁਣ ਵਰਕਰਜ਼ ਨੂੰ ਕੰਮ ਉੱਤੇ ਰੱਖ ਸਕਣਗੇ, ਹਾਊਸਕੀਪਰਜ਼, ਕੁੱਕਜ਼, ਮੇਡਜ਼, ਬਟਲਰਜ਼, ਪਰਸਨਲ ਅਫੇਅਰਜ਼ ਮੈਨੇਜਮੈਂਟ, ਨੈਨੀ ਸਰਵਿਸਿਜ਼, ਬੇਬੀਸਿਟਰਜ਼, ਹੋਰ ਘਰੇਲੂ ਕਰਮਚਾਰੀ ਆਦਿ ਵਰਗੀਆਂ ਸੇਵਾਵਾਂ ਵੀ ਸ਼ੁਰੂ ਹੋ ਸਕਣਗੀਆਂ; ਇਸ ਤੋਂ ਇਲਾਵਾ ਆਮ ਮੇਨਟੇਨੈਂਸ ਤੇ ਰਿਪੇਅਰ ਸਰਵਿਸਿਜ਼ ਵੀ ਸ਼ੁਰੂ ਹੋਣਗੀਆਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਵਿਜੇ ਮਾਲਿਆ ਦਾ ਅਗਲੀ ਅਪੀਲ ਦਾ ਰਾਹ ਬੰਦ, ਭਾਰਤ ਹਵਾਲਗੀ ਲਈ ਰਸਤਾ ਸਾਫ

ਲੰਡਨ, 14 ਮਈ, (ਪੋਸਟ ਬਿਊਰੋ)- ਭਾਰਤ ਵਿੱਚੋਂ ਕਈ ਹਜ਼ਾਰ ਕਰੋੜ ਰੁਪਏ ਦਾ ਘਪਲਾ ਕਰ ਕੇ ਭਗੌੜੇ ਹੋਏ ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਦੀ ਭਾਰਤ ਨੂੰ ਹਵਾਲਗੀ ਦਾ ਰਾਹ ਪੱਧਰਾ ਹੁੰਦਾ ਜਾਂਦਾ ਹੈ। ਲੰਡਨ ਹਾਈ ਕੋਰਟ ਨੇ ਮਾਲਿਆ ਨੂੰ ਬ੍ਰਿਟੇਨ ਦੀ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਦੀ ਆਗਿਆ ਨਹੀਂ ਦਿੱਤੀ ਅਤੇ ਇਸ ਦੇ ਬਾਅਦ ਮਾਲਿਆ ਨੇ ਸੁਪਰੀਮ ਕੋਰਟ ਜਾਣ ਦਾ ਇਰਾਦਾ ਛੱਡ ਕੇ ਭਾਰਤ ਨੂੰ ਇੱਕ ਵਾਪਸੀ ਪੈਕੇਜ ਦੀ ਬੇਨਤੀ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਹਾਈ ਕੋਰਟ ਦੇ ਫੈਸਲੇ ਵਿਰੁੱਧ ਬ੍ਰਿਟੇਨ ਦੀ ਸੁਪਰੀਮ ਕੋਰਟ ਵਿੱਚ ਜਾਣ ਦੀ ਆਗਿਆ ਲੈਣ ਲਈ ਉਸ ਦੀ ਆਰਜ਼ੀ ਅੱਜ ਵੀਰਵਾਰ ਰੱਦ ਹੋ ਗਈ ਹੈ। ਇਸ ਤੋਂ ਪਹਿਲਾਂ 20 ਅਪਰੈਲ ਨੂੰ ਹਾਈ ਕੋਰਟ ਨੇ ਭਾਰਤ ਵੱਲ ਉਸ ਦੀ ਹਵਾਲਗੀ ਬਾਰੇ ਵੈਸਟਮਿੰਟਸਰ ਮੈਜਿਸਟ੍ਰੇਟ ਦੇ ਫ਼ੈਸਲੇ ਵਿਰੁੱਧ ਮਾਲਿਆ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ। ਅੱਜ ਸੁਪਰੀਮ ਕੋਰਟ ਜਾਣ ਦੀ ਅਪੀਲ ਵੀ ਰੱਦ ਹੋਣ ਤੋਂ ਬਾਅਦ ਵਿਜੇ ਮਾਲਿਆ ਕੋਲ ਬਹੁਤ ਥੋੜ੍ਹੇ ਰਾਹ ਬਚੇ ਹਨ ਅਤੇ 28 ਦਿਨਾਂ ਅੰਦਰ ਉਸ ਦੀ ਭਾਰਤ ਨੂੰ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਹੋ ਸਕਦੀ ਹੈ।

ਯੂ ਕੇ ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ (ਸੀ ਪੀ ਐੱਸ) ਨੇ ਦੱਸਿਆ ਕਿ ਵਿਜੇ ਮਾਲਿਆ ਦੀ ਅਪੀਲ ਨੂੰ ਸਾਰੇ ਤਿੰਨ ਲੈਵਲ ਉੱਤੇ ਰੱਦ ਕਰ ਦਿੱਤਾ ਗਿਆ ਹੈ। ਉਸ ਦੀ ਅਰਜ਼ੀ ਉੱਤੇ ਇਸ ਹਫ਼ਤੇ ਦੇ ਸ਼ੁਰੂ ਵਿਚ ਭਾਰਤ ਨੇ ਜਵਾਬ ਦਿੱਤਾ ਸੀ। ਹਵਾਲਗੀ ਕੇਸਾਂ ਦੇ ਮਾਹਿਰ ਡੋਬੀ ਕੈਡਮੈਨ ਨੇ ਕਿਹਾ, 'ਹਾਈ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਸਪੱਸ਼ਟ ਕਿਹਾ ਸੀ ਕਿ ਚੀਫ ਮੈਜਿਸਟ੍ਰੇਟ ਦਾ ਤਰੀਕਾ ਗ਼ਲਤ ਸੀ, ਪਰ ਫ਼ੈਸਲਾ ਗ਼ਲਤ ਨਹੀਂ ਸੀ। ਇਸ ਲਈ ਸਾਫ ਸੀ ਕਿ ਸੁਪਰੀਮ ਕੋਰਟ ਜਾਣ ਲਈ ਵਿਜੇ ਮਾ-ਲਆ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ।' ਹਾਈ ਕੋਰਟ ਦੇ ਅੱਜ ਦੇ ਫੈਸਲੇ ਪਿੱਛੋਂ ਉਹ ਯੂਰਪੀਨ ਕੋਰਟ ਆਫ ਹਿਊਮਨ ਰਾਈਟਸ (ਈ ਸੀ ਐੱਚ ਆਰ) ਵਿਚ ਆਪਣੀ ਹਵਾਲਗੀ ਵਿਰੁੱਧ ਅਪੀਲ ਕਰ ਕੇ ਨਿਰਪੱਖ ਸੁਣਵਾਈ ਨਾ ਹੋਣ ਦੀ ਦਲੀਲ ਦੇ ਸਕਦਾ ਹੈ, ਪਰ ਰਾਹਤ ਮਿਲਣ ਦੀ ਉਮੀਦ ਬਹੁਤੀ ਨਹੀਂ।

ਵਿਜੇ ਮਾਲਿਆ ਉੱਤੇ ਭਾਰਤ ਦੇ ਕਈ ਬੈਂਕਾਂ ਦਾ 9,000 ਕਰੋੜ ਰੁਪਏ ਤੋਂ ਵੱਧ ਬਕਾਇਆ ਹੈ। ਇਸ ਕੇਸ ਵਿਚ ਹਵਾਲਗੀ ਵਾਰੰਟ ਹੇਠ ਅਪਰੈਲ 2017 ਵਿਚ ਬ੍ਰਿਟੇਨ ਵਿਚ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਦੋਂ ਉਸ ਨੂੰ ਜ਼ਮਾਨਤ ਮਿਲ ਗਈ ਸੀ ਅਤੇ ਉਹ ਅਜੇ ਤੱਕ ਜ਼ਮਾਨਤ ਉੱਤੇ ਹੈ। ਸੁਪਰੀਮ ਕੋਰਟ ਜਾਣ ਦੀ ਉਸ ਦੀ ਅਰਜ਼ੀ ਰੱਦ ਹੋਣਾ ਸੀ ਬੀ ਆਈ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਲਈ ਵੱਡੀ ਪ੍ਰਾਪਤੀ ਹੈ।

ਇਸ ਦੌਰਾਨ ਵਿਜੈ ਮਾਲਿਆ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਸ ਵੱਲ ਬਣਦੇ ਕਰਜ਼ੇ ਦਾ ਪੂਰਾ ਪੈਸਾ ਲੈ ਕੇ ਉਸ ਵਿਰੁੱਧ ਚੱਲਦਾ ਕੇਸ ਬੰਦ ਕਰ ਦਿੱਤਾ ਜਾਵੇ। ਉਹ ਪੂਰਾ ਕਰਜ਼ਾ ਮੋੜਨ ਦੀ ਗੱਲ ਅੱਗੇ ਵੀ ਕਹਿ ਚੁੱਕਾ ਹੈ।

# ਉੱਤਰੀ ਅਮਰੀਕਾ ਦੇ ਪੰਜਾਬੀ ਮੀਡੀਆ ਵਿੱਚ ਔਰਤਾਂ ਦੀ ਪਹਿਲ ਕਦਮੀ ਕਰਨ ਵਾਲੀ ਹਸਤੀ ( ਰਾਜ ਘੁੰਮਣ )

ਲੇਖਕ -ਸਤਿੰਦਰ ਪਾਲ ਸਿੰਘ ਸਿੱਧਵਾਂ (ਪੰਜਾਬੀ ਲਹਿਰਾਂ )

*ਸੂਰਤ ਅਤੇ ਸੀਰਤ ਦਾ ਸੁਮੇਲ ਇੱਕ ਮੁਕੰਮਲ ਸ਼ਖ਼ਸੀਅਤ ਰਾਜ ਘੁੰਮਣ*

ਉੱਤਰੀ ਅਮਰੀਕਾ ਦੇ ਪੰਜਾਬੀਆਂ ਵਿੱਚ ਇਕ ਸਤਿਕਾਰਤ ਪੰਜਾਬਣ ਦਾ ਨਾਮ ਹੈ ।ਮਾਂ ਪੁਰ ਧੀ ਰਾਜ ਘੁੰਮਣ ਦੀ ਬੇਟੀ ਜੋਤ,ਰਾਜ ਘੁੰਮਣ ਦਾ ਪੰਜਾਬੀ ਮੀਡੀਆ ਵਿੱਚ 25 ਵਾਂ ਮਾਣਮੱਤਾ ਸਾਲ ਪਿਆਰ ਸਤਿਕਾਰ ਨਾਲ ਫੁਲਕਾਰੀ ਮੀਡੀਆ ਵੱਲੋਂ ਸ਼ੁੱਕਰਵਾਰ 4-5 ਵਜੇ ਸ਼ਾਮ ਫੁਲਕਾਰੀ ਰੇਡੀਓ ਤੇ ਮਨਾ ਰਹੀ ਹੈ ਰਾਜ ਘੁੰਮਣ ਇਕ ਬਹੁ ਪੱਖੀ ਸ਼ਖ਼ਸੀਅਤ ਹੈ

ਰਾਜ ਘੁੰਮਣ ਨੂੰ ਅੰਤਾਂ ਦਾ ਸਜਣਾ ਸੰਵਰਨਾ ਤਾਂ ਪੰਜਾਬੀ ਵਿਰਸੇ ਵਿੱਚੋਂ ਮਿਲਿਆ ਹੈ ,ਉਸਦੀ ਰੂਹ ਵਿੱਚ ਸੰਗੀਤ , ਬੋਲੀ ਵਿੱਚ ਗੁਲਕੰਦ ਜਿਹੀ ਮਿਠਾਸ,ਚਿਹਰੇ ਤੇ ਸਦਾ ਰੌਣਕ, ਮੁਸਕਰਾਹਟ , ਸੁਘੜ ਸਿਆਣਪ , ਉਸਦੀ ਸ਼ਖ਼ਸੀਅਤ ਵਿੱਚ ਰੜਕ , ਮੜਕ ,ਅਣਖ ਅਤੇ ਪੰਜਾਬਣਾਂ ਵਾਲੀ ਗ਼ੈਰਤ ਡੁੱਲ ਡੁੱਲ ਪੈਂਦੀ ਹੈ। ਇਕ ਪੰਜਾਬਣ ,ਘਰਾਣੇ ਦੀ ਧੀ, ਸਰਦੂਲ ਘੁੰਮਣ ਜੀ ਦੀ ਸੁਯੋਗ ਸੁਪਤਨੀ , ਦਰਿਆ ਦਿਲ ਓਤੇ ਅਦਰਸ਼ਕ ਮਾਂ ਹੈ ਰਾਜ ਘੁੰਮਣ । ਇਹ ਸ਼ੁਭ ਗੁਣ ਰਾਜ ਘੁੰਮਣ ਨੇ ਆਪਣੀ ਮਮਤਾ ਦੀ ਮੂਰਤ ਮਾਂ ( ਬੀ ਜੀ ) ਤੋਂ ਪ੍ਰਾਪਤ ਕੀਤੇ ਹਨ

ਮੈਨੂੰ ਮਾਣ ਹੈ ਕਿ ਮੀਡੀਆ ਪੰਜਾਬੀ ਰੇਡੀਓ ਦੇ ਖੇਤਰ ਵਿੱਚ ਕਦਮ ਰੱਖਣ ਤੋਂ ਪਹਿਲਾਂ ਰਾਜ ਘੁੰਮਣ ਪੰਜਾਬੀ ਲਹਿਰਾਂ ਦੇ ਸਟੂਡੀਓ ਵਿੱਚ ਪੰਜਾਬੀ ਆਰਟਸ ਐਸੋਸੀਏਸ਼ਨ ਦੇ ਇਕ ਡਰਾਮੇ ਦੇ ਸੰਬੰਧ ਵਿੱਚ ਆਏ ਅਤੇ ਆਪਣੇ ਸੰਗੀਤਕ ,ਕਰੀਏਟਿਵ ਸੋਚ ਅਤੇਪੰਜਾਬੀਅਤ ਪ੍ਰਤੀ ਸੁਹਿਰਦਤਾ ਕਰਕੇ ਪੰਜਾਬੀ ਲਹਿਰਾਂ ਦੀ ਟੀਮ ਦਾ ਅਨਿੱਖੜਵਾਂ ਹਿੱਸਾ ਬਣ ਗਏ .

ਰਾਜ ਘੁੰਮਣ ਨੂੰ ਪੰਜਾਬੀ ਲਹਿਰਾਂ ਨੇ ਉੱਤਰੀ ਅਮਰੀਕਾ ਦੀ ਪਹਿਲੀ ਪੰਜਾਬਣ ਮੁਟਿਆਰ ਹਰਮਨ-ਪਿਆਰੀ ਹੋਸਟ ਬਣਾ ਕੇ ਮਾਣ ਹਾਸਲ ਕੀਤਾ । ਰਾਜ ਘੁੰਮਣ ਨੇ ਵੀ ਮਾਖਿਓ ਮਿੱਠੀ ਆਵਾਜ਼ ਮਿਹਨਤ , ਲਗਨ ਅਤੇ ਸੰਗੀਤਕ ਜਾਣਕਾਰੀ ਨਾਲ ਪੰਜਾਬੀ ਸ੍ਰੋਤਿਆਂ ਦਾ ਮਨ ਮੋਹ ਲਿਆ ਅਤੇ ਇਸ ਖੇਤਰ ਵਿੱਚ ਆਪਣੀ ਦਿਲਕਸ਼ ਪਹਿਚਾਣ ਬਣਾਈ ਅੱਜ ਵੀ ਪੰਜਾਬੀ ਲਹਿਰਾਂ ਦੀ ਸ਼ੁਰੂਆਤ ਰਾਜ ਘੁੰਮਣ ਦੀ ਮਿੱਠੀ ਤੇ ਸੁਰੀਲੀ ਆਵਾਜ਼ ਵਿੱਚ ਬਣੀ ਆਈ ਡੀ ਨਾਲ ਹੁੰਦੀ ਹੈ । ਤੇ ਜਦੋਂ ਰਾਜ ਘੁੰਮਣ ਦੀ ਜਾਦੂ ਮਈ ਆਵਾਜ਼ ਵਿੱਚ ਪੰਜਜਜਾਬੀ ਲਹਿਹਹਰਾਂ ਗੂੰਜਦਾ ਹੈ ਦਾ ਸਮਾਂ ਬੱਝ ਜਾਂਦਾ ਹੈ । ਜੇ ਕਿਤੇ ਆਈ ਡੀ ਨਾਂ ਲਾਈਏ ਤਾਂ ਰਾਜ ਜੀ ਦੀ ਨਾਰਾਜ਼ਗੀ ਵੀ ਝੱਲਣੀ ਪੈਂਦੀ ਹੈ ।



ਰਾਜ ਘੁੰਮਣ ਦੀ ਸੰਗੀਤਕ ਐਲਬਮ ਮੈਂ ਸੁੱਤੀ ਦਿਲ ਜਾਗਦਾ ਵੀ ਹਜ਼ਾਰਾਂ ਪ੍ਰਸੰਸਕਾਂ ਦੀ ਹਾਜ਼ਰੀ ਵਿੱਚ ਪੰਜਾਬੀ ਲਹਿਰਾਂ ਨੇ ਹੀ ਸ੍ਰੋਤਿਆਂ ਦੇ ਰੂਬਰੂ ਕੀਤੀ।

ਰਾਜ ਘੁੰਮਣ ਨੇ ਮੀਡੀਆ ਫੁੱਲਕਾਰੀ ਰੇਡੀਓ ਰਾਂਹੀ ਆਪਣੀ ਵੱਖਰੀ ਪਹਿਚਾਣ ਬਣਾਈ ਹੈ ।ਚਿੜੀਆਂ ਦਾ ਚੰਬਾ ਤੇ ਹੋਰ ਅਨੇਕਾਂ ਪ੍ਰੋਗਰਾਮਾਂ ਰਾਹੀਂ ਰਾਜ ਘੁੰਮਣ ਹਮੇਸ਼ਾ ਔਰਤ ਹੱਕਾਂ ਦੀ ਤਰਜਮਾਨੀ ਦੇ ਨਾਲ ਔਰਤਾਂ ਨੂੰ ਹਰ ਖ਼ਾਤਰ ਵਿੱਚ ਅੱਗੇ ਵੱਧਣ ਦੀ ਪ੍ਰੇਰਨਾ ਦਿੰਦੇ ਹਨ । ਕਿਉਂਕਿ ਰਾਜ ਘੁੰਮਣ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਹਰ ਵਰਗ ਦੇ ਪੰਜਾਬੀਆਂ ਵਿੱਚ ਬੇਹੱਦ ਸਤਿਕਾਰ ਹੈ ਰਾਜ ਦੇ ਸ੍ਰੋਤੇ ਅਤੇ ਵਿਉਪਾਰੀ ਰਾਜ ਘੁੰਮਣ ਦੇ ਫੁਲਕਾਰੀ ਪ੍ਰੋਗਰਾਮ ਵਿੱਚ ਆਪਣੇ ਵਪਾਰ ਦੀ ਜਾਣਕਾਰੀ ਦੇਣ ਵਿੱਚ ਮਾਣ ਮਹਿਸੂਸ ਕਰਦੇ ਹਨ । ਸੋਨੇ ਤੇ ਸੁਹਾਗਾ ਮਾਂ ਦੇ ਗੁਣਾ ਦੀ ਗੁੜ੍ਹਤੀ ਨਾਲ ਜੋਤ ਨੇ ਵੀ ਆਪਣਾ ਸਤਿਕਾਰਤ ਨਾਮ ਬਣਾ ਲਿਆ ਹੈ ਜੋਤ ਦੀ ਲਾਡਲੀਆਂ ਗਲਾਂਤੇ ਡੂੰਘੀ ਜਾਣਕਾਰੀ ਭਰਪੂਰ ਪੇਸ਼ਕਾਰੀ ਸ੍ਰੋਤਿਆਂ ਨੂੰ ਮੰਤਰ ਮੁਗਦ ਕਰ ਦਿੰਦੀ ਹੈ । ਬੇਸ਼ਕ ਰਾਜ ਘੁੰਮਣ ਨੇ ਫੁਲਕਾਰੀ ਮੀਡੀਆ ਗਰੁਪ ਦੇ ਨਾਲ ਹਰ ਵਰਗ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਕੇ ਬੜਾ ਨਾਮਣਾ ਖੱਟਿਆ ਹੈ ਪਰ ਪੰਜਾਬੀ ਲਹਿਰਾਂ ਤੇ ਮੇਰੇ ਪ੍ਰਤੀ ਰਾਜ ਘੁੰਮਣ ਨੇ ਅਪਣਾ ਪਨ ਤੇ ਸਤਿਕਾਰ ਵਿੱਚ ਰੱਤੀ ਭਰ ਵੀ ਕਮੀ ਨਹੀਂ ਆਉਣ ਦਿੱਤੀ । ਰਾਜ ਘੁੰਮਣ ਦੇ ਮੀਡੀਆ ਖੇਤਰ ਵਿੱਚ 25 ਸਾਲ ਸਦਾ ਸਲਾਮਤ । ਕਾਮਯਾਬੀ ਦੀ ਹਰ ਮੰਜ਼ਲ ਫੁਲਕਾਰੀ ਦੀ ਦਹਿਲੀਜ਼ ਤੇ ਸਜਦਾ ਕਰੇ ।ਹਰ ਮਾਂ ਨੂੰ ਇੰਨਾ ਸਹਿਯੋਗ ਤੇ ਸਤਿਕਾਰ ਦੇਣ ਵਾਲੀ ਜੋਤ ਵਰਗੀ ਧੀ ਨਸੀਬ ਹੋਵੇ । ਮੁਬਾਰਕਾਂ, ਵਧਾਈਆਂ ਸ਼ੁਭ ਇੱਛਾਵਾਂ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976





GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
Deposit Structure
40k $10,000 Submitted with offer
$10,000 Submitted 90 days after Offer Date
$20,000 Submitted 150 days after Offer Date
Jagdish Grewal Sales Representative
Residential | Commercial | Investment (416) 970-5005
Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348





BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8





GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



ਇੱਕ ਵਿਚਾਰ ਇਹ ਵੀ

# ਭਾਰਤ ਛੱਡੋ ਅੰਦੋਲਨ ਦੀ ਦਰਕਾਰ...

ਗੋਪਾਲ ਕ੍ਰਿਸ਼ਨ ਗਾਂਧੀ (*ਲੇਖਕ ਮਹਾਤਮਾ ਗਾਂਧੀ ਦਾ ਪੜਪੋਤਾ ਹੈ)

ਕਦੋਂ ਤੇ ਕਿਵੇਂ ਅਸੀਂ ਕੋਰੋਨਾ ਮਹਾਮਾਰੀ ਦੀ ਖਤਰਨਾਕ ਲਪੇਟ 'ਚੋਂ ਬਾਹਰ ਨਿਕਲਾਂਗੇ, ਕੋਈ ਨਹੀਂ ਕਹਿ ਸਕਦਾ। ਪੂਰੇ ਯਕੀਨ ਨਾਲ ਤਾਂ ਬਿਲਕੁਲ ਨਹੀਂ। ਨਾ ਵਿਗਿਆਨੀ, ਨਾ ਸਿਹਤ ਮਾਹਰ, ਨਾ ਸਮਾਜ ਸ਼ਾਸਤਰੀ ਤੇ ਨਾ ਹੀ ਤਜਰਬੇਕਾਰ ਬਜ਼ੁਰਗ। ਕੀ ਕਰੀਏ? ਇਹ ਚੁਣੌਤੀ ਅਜਨਬੀ ਹੈ, ਬਿਲਕੁਲ ਅਣਜਾਣੀ, ਪਹਿਲਾਂ ਨਾ ਕਦੇ ਦੇਖੀ, ਨਾ ਸੁਣੀ ਤੇ ਨਾ ਸੋਚੀ। ਵੈਸੇ ਸਾਨੂੰ ਵਿਗਿਆਨੀਆਂ ਤੇ ਮਾਹਰਾਂ ਤੋਂ ਇਸ ਦੇ ਪਹਿਲਾਂ ਸੰਕੇਤ ਮਿਲੇ ਸਨ। ਇਹ ਦੱਸ ਕੇ ਉਨ੍ਹਾਂ ਦੀਆਂ ਚਿਤਾਵਨੀਆਂ ਆ ਚੁੱਕੀਆਂ ਸਨ ਕਿ ਜਿਵੇਂ ਵਿਕਸਤ ਤੇ ਪ੍ਰਭਾਵਸ਼ਾਲੀ ਮਨੁੱਖ ਆਪਣੇ ਖਾਣ-ਪੀਣ ਜਾਂ ਇੰਝ ਕਹੀਏ ਕਿ ਆਪਣੇ ਅਨੰਤ ਭੋਗ ਲਈ ਪਾਣੀ ਦੇ ਭੰਡਾਰ ਤੇ ਪਸ਼ੂਆਂ ਆਦਿ ਦਾ ਸ਼ੋਸ਼ਣ ਕਰ ਰਿਹਾ ਹੈ, ਉਹ ਖਤਰੇ ਵਾਲਾ ਹੈ, ਪਰ ਇਸ ਚਿਤਾਵਨੀ ਨੂੰ ਕਿੰਨਿਆਂ ਨੇ ਸੁਣਿ-ਆ? ਉਨ੍ਹਾਂ ਕਿਹਾ ਕਿ ਇੱਕ ਖਤਰਾ ਵਾਤਾਵਰਣ ਤੇ ਮੌਸਮ 'ਤੇ ਹੈ। ਭੂਮੀ ਨੂੰ ਬੁਖਾਰ ਚੜ੍ਹਿਆ ਹੈ। ਉਹ ਤਪ ਗਈ ਹੈ ਤੇ ਜੇ ਅਸੀਂ ਇਸ ਨੂੰ ਤਪਸ਼ ਤੋਂ ਰਾਹਤ ਨਹੀਂ ਦੇਵਾਂਗੇ ਤਾਂ ਤਪਸ਼ ਸਾਨੂੰ ਸਾੜ ਕੇ ਰਾਖ ਕਰ ਛੱਡੇਗੀ। ਮਾਹਰਾਂ ਨੇ ਕਿਹਾ ਕਿ ਦੂਜਾ ਭਿਆਨਕ ਖਤਰਾ ਜੂਨੋਟਿਕ ਪੈਂਡੇਮਿਕਸ ਯਾਨੀ ਜਾਨਵਰ-ਲੋਕ ਤੋਂ ਹੈ। ਉਨ੍ਹਾਂ ਕਿਹਾ ਕਿ ਅਸੁਰੱਖਿਅਤ ਅਤੇ ਗੈਰ-ਸਵੱਛ ਮਾਸ ਅਸੀਂ ਖਾਂਦੇ ਜਾਵਾਂਗੇ ਤਾਂ ਉਹੋ ਮਾਸ ਸਾਨੂੰ ਖਾ ਜਾਵੇਗਾ। ਸਵਾਈਨ ਫਲੂ, ਏਵੀਅਨ ਫਲੂ, ਸਾਰਸ, ਮਾਰਸ, ਇਬੋਲਾ, ਨਿਪਾਹ, ਇਹ ਸਭ ਸਾਡੇ ਮੁਨਾਫੇ ਭੋਗਣ ਦੇ ਲਾਲਚ ਦੇ ਨਾਲ ਕੁਦਰਤ ਦੇ ਨਿਯਮਾਂ ਦੀ ਬੇਪਰਵਾਹੀ ਨਾਲ ਉਲੰਘਣਾ ਕਾਰਨ ਪੈਦਾ ਹੋਏ। ਵਿਕਸਤ ਦੇਸ਼ਾਂ 'ਚ ਬੀਫ ਫਾਰਮ ਨਾਂਅ ਦੇ ਖੇਤ ਹਨ, ਜਿਨ੍ਹਾਂ ਵਿੱਚ ਮੈਡ ਕਾਊ ਡਿਸੀਜ਼ ਸ਼ੁਰੂ ਹੋਈ ਤੇ ਇਸ ਨੂੰ ਰੋਕਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਪਸ਼ੂਆਂ ਨੂੰ ਮਾਰਿਆ ਅਤੇ ਦਫਨਾਇਆ ਗਿਆ ਸੀ। ਜਿਹੜੇ ਮੁਲਕ ਵਿਕਸਤ ਬਣਨਾ ਚਾਹੁੰਦੇ ਹਨ ਅਤੇ ਅੱਜ ਵਿਕਾਸਸ਼ੀਲ ਕਹੇ ਜਾਂਦੇ ਹਨ, ਉਨ੍ਹਾਂ ਵਿੱਚ ਵੀ ਜਿਉਂ ਜਿਉਂ ਲੋਕਾਂ ਦੀ ਆਮਦਨ ਵਧਦੀ ਤੇ ਖਰਚ ਕਰਨ ਦੀ ਤਾਕਤ ਵਧਦੀ ਹੈ, ਤਿਉਂ ਤਿਉਂ ਉਨ੍ਹਾਂ ਸਾਹਮਣੇ ਖਾਣ-ਪੀਣ ਦਾ ਬਾਜ਼ਾਰ ਉਹ ਸਾਰੇ ਪਦਾਰਥ ਉਸੇ ਤਰ੍ਹਾਂ ਪੇਸ਼ ਕਰਦਾ ਹੈ, ਜਿਸ ਨਾਲ ਉਨ੍ਹਾਂ ਦੀ ਨਵੀਂ ਭੁੱਖ ਹੋਰ ਵਧੇ ਅਤੇ ਫਿਰ ਉਸ ਦੀ ਪੂਰਤੀ ਹੋਵੇ, ਗੈਰ-ਸੰਜਮੀ, ਬੇਕਾਬੂ ਤੇ ਜੂਨੋਟਿਕ ਖਤਰੇ ਨਾਲ ਭਰਪੂਰ।



ਕੋਵਿਡ-19 ਦੀ ਸ਼ੁਰੂਆਤ ਵੁਹਾਨ ਦੇ ਮੀਟ ਬਾਜ਼ਾਰ ਤੋਂ ਹੋਈ ਮੰਨੀ ਜਾਂਦੀ ਹੈ। ਇਹ ਸੱਚ ਹੀ ਹੋਵੇਗਾ, ਪਰ ਇਸ ਸੋਚ ਦੇ ਪਿੱਛੇ ਇਹ ਵੀ ਜਾਣ ਲਓ ਕਿ ਖਾਣ-ਪੀਣ ਦੇ ਹਰ ਬਾਜ਼ਾਰ ਵਿੱਚ ਅੱਜ ਵੁਹਾਨ ਸ਼ਾਮਲ ਹੈ, ਯਾਨੀ ਲਾਪਰਵਾਹੀ, ਗੰਦਗੀ ਤੇ ਗਿਲਾਨੀ। ਛੋਟੇ ਬਾਜ਼ਾਰਾਂ ਵਿੱਚ ਇਹ ਦਿੱਸ ਜਾਂਦੀ ਹੈ ਤੇ ਵੱਡਿਆਂ ਵਿੱਚ ਲੁਕੀ ਰਹਿੰਦੀ ਹੈ। ਢਾਬਿਆਂ 'ਚ ਦਿੱਸ ਜਾਂਦੀ ਹੈ ਤੇ ਵੱਡੇ ਹੋਟਲਾਂ ਵਿੱਚ ਲੁਕੀ ਰਹਿੰਦੀ ਹੈ। ਜਿੱਥੇ ਗੰਦੇ ਟਾਇਲੇਟ ਹਨ, ਬਸ ਅੱਡਿਆਂ ਵਿੱਚ ਰੇਲਵੇ, ਸਟੇਸ਼ਨਾਂ 'ਚ, ਸੜਕਾਂ ਉੱਤੇ, ਉਥੇ ਇਹੋ ਖਤਰਾ ਹੈ, ਅਦਿੱਖ ਅਤੇ ਬੇਰਹਿਮ। ਅਸੀਂ ਇਸ ਸਥਿਤੀ ਨੂੰ ਬਦਲਣ ਲਈ ਕੁਝ ਨਹੀਂ ਕਰ ਰਹੇ ਤੇ ਮਾਰਕੀਟ ਦੇ ਗੁਲਾਮ ਬਣੇ ਹੋਏ ਹਾਂ। ਸਾਡੇ ਸਭਨਾਂ ਵਿੱਚ ਵੁਹਾਨ ਲੁਕਿਆ ਹੈ। ਅਸੀਂ ਕੋਵਿਡ-19 ਦੇ ਸ਼ਿਕਾਰ ਹੋਈਏ ਜਾਂ ਨਾ, ਅਸੀਂ ਜੇ ਆਪਣੇ ਅੰਦਰ ਲੁਕੇ ਵੁਹਾਨ ਦੀ ਅਣਦੇਖੀ ਕਰ ਰਹੇ ਹਾਂ ਤਾਂ ਅਸੀਂ ਕੋਰੋਨਾ ਵਾਇਰਸ ਦੇ ਸਹਿਯੋਗੀ ਹਾਂ। ਸਵੱਛ ਭਾਰਤ ਅਭਿਆਨ ਨੂੰ ਇਸ ਅੱਖ ਨਾਲ ਦੇਖੀਏ ਤਾਂ ਅਦਭੁੱਤ ਅਤੇ ਦੂਰ ਦੀ ਸੋਚ ਵਾਲਾ ਉਦਮ ਹੈ, ਪਰ ਕੀ ਅਸੀਂ ਇਸ ਪ੍ਰੋਗਰਾਮ ਨੂੰ ਆਪਣੇ ਦਿਲਾਂ ਵਿੱਚ ਅਪਣਾਇਆ? ਕੀ ਅਸੀਂ ਖੁਦ ਦੇ ਤਰੀਕਿਆਂ ਨੂੰ ਸਵੱਛ ਕੀਤਾ ਹੈ? ਥੁੱਕਣਾ ਸਾਡੇ ਭਾਰਤੀ ਲੋਕ, ਖਾਸ ਕਰ ਕੇ ਪੁਰਸ਼ ਆਪਣਾ ਜਨਮ ਸਿੱਧ ਅਧਿਕਾਰ ਮੰਨਦੇ ਹਨ ਤੇ ਪਿਸ਼ਾਬ...। ਮੈਂ ਵਾਕ ਪੂਰਾ ਨਹੀਂ ਕਰਾਂਗਾ। ਅਸੀਂ ਅੱਜ ਘਰਾਂ ਵਿੱਚ ਸਿਮਟੇ ਹੋਏ ਹਾਂ। ਇਹ ਜ਼ਰੂਰੀ ਹੈ, ਪਰ ਜਦੋਂ ਸਾਨੂੰ ਬਾਹਰ ਨਿਕਲਣ ਦੀ ਛੋਟ ਮਿਲੇਗੀ, ਜਦੋਂ ਅਸੀਂ ਬਾਹਰ ਨਿਕਲਾਂਗੇ ਤਾਂ ਕੀ ਅਸੀਂ ਉਹੋ ਜਿਹੇ ਹੀ ਨਿਕਲਾਂਗੇ, ਜਿਵੇਂ ਅੱਜ ਘਰਾਂ ਦੇ ਅੰਦਰ ਹਾਂ। ਜੇ ਹਾਂ ਤਾਂ ਸਮਝੋ ਕਿ ਅਗਲੀ ਵਾਰ...। ਮੈਂ ਇਹ ਵਾਕ ਵੀ ਪੂਰਾ ਨਹੀਂ ਕਰਾਂਗਾ। ਪਾਠਕ ਸੂਝਵਾਨ ਹਨ।

ਕੋਵਿਡ-19 ਦੀ ਵੈਕਸੀਨ ਦੀ ਉਡੀਕ ਹੈ। ਇਸ ਦੀ ਤਿਆਰੀ 'ਚ ਲੱਗੇ ਲੋਕਾਂ ਦੀ ਸਫਲਤਾ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ, ਪਰ ਮਹਾਮਾਰੀ ਨਾਲ ਨਜਿੱਠਣ ਦਾ ਜ਼ਿੰਮਾ ਸਾਨੂੰ ਸਿਰਫ ਵੈਕਸੀਨ 'ਤੇ ਨਹੀਂ ਛੱਡਣਾ ਚਾਹੀਦਾ। ਸਾਨੂੰ ਇਸ ਵੈਕਸੀਨ ਪਿੱਛੇ ਖੁਦ ਨੂੰ ਵੀ ਵੈਕਸੀਨ ਬਣਾਉਣਾ ਹੋਵੇਗਾ, ਠੀਕ ਓਦਾਂ ਹੀ, ਜਿਵੇਂ ਫੌਜ ਦੇ ਜਵਾਨਾਂ ਨੂੰ ਰਾਸ਼ਟਰ ਬਲ ਤਾਕਤਵਰ ਤੇ ਨਿਡਰ ਬਣਾਉਂਦਾ ਹੈ। ਇਹ ਕਿਵੇਂ ਕਰਨਾ ਹੈ? ਆਪਣੇ ਤਰੀਕਿਆਂ ਤੇ ਰਵੱਈਏ ਨੂੰ ਬਦਲ ਕੇ। ਲੇਖਕਾ ਮਹਾਦੇਵੀ ਕਹਿ ਗਏ ਹਨ ਕਿ ਪ੍ਰਮਾਤਮਾ ਨੇ ਸਭ ਨੂੰ ਸਵਾਰਥੀ ਬਣਾਇਆ ਹੈ। ਸਾਡੇ ਸਮਾਜ ਦੀ ਨਵ ਉਦਾਰਵਾਦੀ ਆਜ਼ਾਦ ਮਾਰਕੀਟ ਦਾ ਵਜੂਦ ਸਵਾਰਥੀ ਹੈ। ਉਹੋ ਸਵਾਰਥ ਸਾਨੂੰ ਘੁੱਟ ਰਿਹਾ ਹੈ। ਅਸੀਂ ਸੋਚ ਰਹੇ ਹਾਂ ਕਿ ਅਸੀਂ ਬਾਜ਼ਾਰ ਤੋਂ ਪ੍ਰਾਪਤ ਵਸਤੂਆਂ ਨੂੰ ਭੋਗ ਰਹੇ ਹਾਂ, ਪਰ ਗੱਲ ਬਿਲਕੁਲ ਉਲਟ ਹੈ। ਨਾਮੀ ਚਿੰਤਕ ਤੇ ਲੇਖਕ ਕਵੀ ਰਾਜ ਕੁਮਾਰ ਕ੍ਰਿਸ਼ਕ ਨੇ ਪਿੱਛੇ ਜਿਹੇ ਮੈਨੂੰ ਇਹ ਹਕੀਕਤ ਫੋਨ 'ਤੇ ਸੁਣਾਈ ਕਿ ਅਸੀਂ ਬਾਜ਼ਾਰ ਨੂੰ ਨਹੀਂ, ਬਾਜ਼ਾਰ ਸਾਨੂੰ ਖਾ ਰਿਹਾ ਹੈ। ਇਸ ਤੋਂ ਹੋਰ ਸੱਚੀ ਗੱਲ ਅੱਜ ਨਹੀਂ ਕਹੀ ਜਾ ਸਕਦੀ। ਨਫਾ ਨਸ਼ਾ ਹੈ। ਨਫਾ ਬਾਜ਼ਾਰ 'ਚ ਉਹੋ ਕਰਦਾ ਹੈ, ਜੋ ਨਸ਼ਾ ਇਨਸਾਨ 'ਚ ਕਰਦਾ ਹੈ। ਉਸ ਨੂੰ ਪਾਗਲ ਬਣਾ ਦਿੰਦਾ ਹੈ। ਅਸੀਂ ਨਫੇ ਦੇ ਪਾਗਲਪਣ ਤੋਂ ਬਚੀਏ। ਬਾਜ਼ਾਰ ਦੇ ਗੁਲਾਮ ਨਾ ਬਣੀਏ ਯਾਨੀ ਆਪਣੀ ਖਪਤਕਾਰ ਦੀ ਭੂਮਿਕਾ 'ਤੇ ਕੁਝ ਸੰਜਮ ਲਿਆਈਏ।

ਸਾਦਗੀ ਦੀ ਕੋਈ ਪਰਿਭਾਸ਼ਾ ਨਹੀਂ, ਪਰ ਲਾਕਡਾਊਨ ਦੇ ਦਿਨਾਂ ਨੇ ਸਾਨੂੰ ਦਿਖਾਇਆ ਹੈ ਕਿ ਅਸੀਂ ਘਰੀਂ ਰਹਿਣ ਵਾਲੇ ਭਾਗਸ਼ਾਲੀ ਕਿੰਨੀਆਂ ਚੀਜ਼ਾਂ, ਸਮੱਗਰੀਆਂ ਤੇ ਸਹੂਲਤਾਂ ਤੋਂ ਬਿਨਾਂ ਆਰਾਮ ਨਾਲ ਰਹਿ ਸਕਦੇ ਹਾਂ। ਅਸੀਂ ਦੇਖਿਆ ਕਿ ਲੋੜਵੰਦ ਲੋਕਾਂ ਦੀ ਮਦਦ ਕਿੰਨੀ ਵੱਡੀ ਗਿਣਤੀ ਵਿੱਚ ਸਾਡੇ ਜਿਹੇ ਸਾਧਾਰਨ ਲੋਕਾਂ ਨੇ ਕੀਤੀ ਹੈ। ਪਰਵਾਸੀ ਮਜ਼ਦੂਰ, ਬੇਸਹਾਰਾ ਤੇ ਰੁਜ਼ਗਾਰ ਦੇ ਪੱਛੜੇ ਲੋਕਾਂ ਨੂੰ ਸਮਾਜ ਨੇ ਸਹਾਇਤਾ ਦੋਵੇਂ ਹੱਥਾਂ ਨਾਲ ਦਿੱਤੀ ਹੈ। ਇਸ 'ਚ ਅਸੀਂ ਬਾਜ਼ਾਰ ਤੋਂ ਖੁਦ ਨੂੰ ਮੁਕਤ ਕਰ ਦਿਖਾਇਆ ਹੈ। ਅਜੋਕੇ ਮਾਹੌਲ ਨੇ ਇਨਸਾਨ ਨੂੰ ਇਹ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ ਕਿ ਉਹ ਸਾਦਗੀ ਪਸੰਦ ਜ਼ਿੰਦਗੀ ਜਿਊਣ ਨੂੰ ਪਹਿਲ ਦੇਵੇਗਾ।

ਮਾਸਾਹਾਰੀ ਭੋਜਨ ਕਦੇ ਵੀ ਭਾਰਤੀ ਸਭਿਆਚਾਰ ਦਾ ਹਿੱਸਾ ਨਹੀਂ ਰਿਹਾ। ਭਾਰਤੀ ਸਰਜਮੀਨ ਉੱਤੇ ਹਰ ਧਰਮ ਦੇ ਮਹਾਂਪੁਰਸ਼ਾਂ ਨੇ ਇਨਸਾਨ ਨੂੰ ਹਮੇਸ਼ਾ ਸ਼ਾਕਾਹਾਰੀ ਭੋਜਨ ਖਾਣ ਦੀ ਤਾਕੀਦ ਕੀਤੀ ਹੈ। ਅੱਜ ਜੇ ਸਾਡਾ ਸਰੀਰ ਬਿਮਾਰੀਆਂ ਦਾ ਘਰ ਬਣ ਰਿਹਾ ਹੈ ਤਾਂ ਇਸ ਦਾ ਵੱਡਾ ਕਾਰਨ ਮਾਸਾਹਾਰੀ ਭੋਜਨ ਸਾਡੀ ਖੁਰਾਕ ਦਾ ਹਿੱਸਾ ਬਣਨਾ ਵੀ ਹੈ। ਪੱਛਮੀ ਸਭਿਅਤਾ ਦੇ ਮੁਕਾਬਲੇ ਭਾਰਤੀ ਸਭਿਅਤਾ ਮਹਾਨ ਹੈ। ਭਾਰਤੀ ਸੱਭਿਅਤਾ ਕਦੇ ਵੀ ਜੀਵ ਹੱਤਿਆ ਦੇ ਹੱਕ ਵਿੱਚ ਨਹੀਂ ਸੀ। ਕਿਸੇ ਜੀਵ ਦੀ ਜਾਨ ਲੈ ਕੇ ਆਪਣੀ ਜੀਭ ਦਾ ਸਵਾਦ ਪੂਰਾ ਕਰਨਾ ਕੁਦਰਤ ਦੇ ਅਸੂਲਾਂ ਨਾਲ ਖਿਲਵਾੜ ਨਹੀਂ ਤਾਂ ਕੀ ਹੈ? ਮਾਸਾਹਾਰੀ ਭੋਜਨ ਛੱਡ ਕੇ ਹਮੇਸ਼ਾ ਸ਼ਾਕਾਹਾਰੀ ਭੋਜਨ ਖਾਣਾ ਸਾਡੀ ਜੀਵਨ ਸ਼ੈਲੀ ਦਾ ਹਿੱਸਾ ਹੋਣਾ ਚਾਹੀਦਾ ਹੈ।

1942 ਵਿੱਚ ਭਾਰਤ ਛੱਡੋ ਅੰਦੋਲਨ ਨੇ ਅੰਗਰੇਜ਼ੀ ਸਾਮਰਾਜ ਹਿਲਾ ਦਿੱਤਾ ਸੀ। 2020 ਵਿੱਚ ਅਸੀਂ ਸਵਾਰਥ ਨੂੰ, ਮਾਰਕੀਟ ਦੀ ਗੁਲਾਮੀ ਨੂੰ ਭਾਰਤ ਛੱਡੋ ਕਹਿਣਾ ਹੈ। ਮਹਾਮਾਰੀ ਅਤੇ ਲਾਕਡਾਊਨ ਤੋਂ ਬਾਅਦ ਜੇ ਅਸੀਂ ਇਹ ਅਕਲਮੰਦੀ ਦਿਖਾਵਾਂਗੇ ਤਾਂ ਧੰਨ ਹੋਵਾਂਗੇ ਤੇ ਇੱਕ ਨਵੇਂ ਭਾਰਤ ਦਾ ਨਿਰਮਾਣ ਕਰਾਂਗੇ। ਇੱਕ ਅਜਿਹੇ ਭਾਰਤ ਦਾ ਨਿਰਮਾਣ, ਜਿਸ ਵਿੱਚ ਅਸੀਂ ਸਬਕ ਸਿਖਿਆ ਕੁਦਰਤ ਦੀ ਮਰਿਆਦਾ, ਇਸ ਦੀ ਪਵਿੱਤਰਤਾ ਅਤੇ ਇਸ ਦੀ ਅਖੰਡਤਾ ਨੂੰ ਬਚਾਈ ਰੱਖਣ ਦਾ। ਅਸੀਂ ਦੂਜਾ ਸਬਕ ਸਿਖਿਆ ਆਪਣੇ ਆਪ ਨੂੰ ਸਿਮਟਾ ਕੇ ਆਪਣੇ ਘਰਾਂ 'ਚ ਬੱਚਿਆਂ ਅਤੇ ਬਜ਼ੁਰਗਾਂ ਦੇ ਸਹਿਯੋਗ ਨਾਲ ਸਾਦਗੀ ਲਿਆਉਣਾ। ਅਸੀਂ ਸਰੀਰ ਦੀ ਨਾਸ਼ਵਾਨਤਾ ਦੀ ਗੰਭੀਰ ਪਛਾਣ ਕਰ ਕੇ ਸਿਖਿਆ ਹੈ ਕਿ ਹਸਪਤਾਲ, ਡਾਕਟਰ, ਨਰਸ, ਲੈਬੋਰਟਰੀ ਸਹਾਇਕ, ਸਫਾਈ ਕਾਮੇ, ਦਵਾਖਾਨੇ ਸਾਡੇ ਲਈ ਕਿੰਨੇ ਕੀਮਤੀ ਹਨ। ਇਹ ਦੇਵਤਾ ਰੂਪ ਹਨ। ਅਸੀਂ ਇਹ ਬੁਨਿਆਦੀ ਸੱਚਾਈ ਸਮਝੀ ਕਿ ਮਹਾਮਾਰੀ ਇਤਿਹਾਸ 'ਚ ਜਾਂ ਮੈਡੀਕਲ ਪੁਸਤਕਾਂ ਵਿੱਚ ਨਹੀਂ, ਸਾਡੇ ਦਰਮਿ-ਆਨ ਰਹਿੰਦੀ ਹੈ ਤੇ ਅਮੀਰ-ਗਰੀਬ, ਹਿੰਦੂ-ਮੁਸਲਿਮ ਨੂੰ ਨਹੀਂ ਪਛਾਣਦੀ। ਅਸੀਂ ਸਮਝ ਗਏ ਕਿ ਹਰ ਦਿਨ ਅਨੋਖਾ ਹੈ, ਉਸ ਦੀ ਸਦਵਰਤੋਂ ਕਰਨੀ ਚਾਹੀਦੀ ਹੈ, ਖੁਦ ਦੀ ਤੇ ਖੁਦ ਤੋਂ ਘੱਟ ਭਾਗਸ਼ਾਲੀਆਂ ਦੀ ਸੁਰੱਖਿਆ ਤੇ ਖੁਸ਼ਹਾਲੀ ਲਈ ਤੇ ਨਾਲ ਪ੍ਰਮਾਤਮਾ ਨੂੰ ਇਹ ਕਹਿੰਦਿਆਂ ਕਿ ਸਵਾਰਥੀ ਬਣ ਗਏ ਸੀ ਜ਼ਰੂਰ, ਪਰ ਮਹਾਦੇਵੀ ਦੀ ਕਸਮ, ਅੱਗੇ ਤੋਂ ਨਹੀਂ ਹੋਵਾਂਗੇ।

# ਪਿੰਡ ਦੀ ਰੂਹ ਬਣਦੀ ਸੱਥ...

ਡਾ. ਪ੍ਰਿਤਪਾਲ ਸਿੰਘ ਮਹਿਰੋਕ 98885-10185

ਸੱਥ ਪਿੰਡ ਦੀ ਸਾਂਝੀ ਤੇ ਜਾਣੀ-ਪਛਾਣੀ ਥਾਂ ਹੁੰਦੀ ਹੈ, ਜਿੱਥੇ ਪਿੰਡ ਦੀ ਰੂਹ ਧੜਕਦੀ ਰਹਿੰਦੀ ਹੈ। ਪਿੰਡਾਂ ਵਿਚ ਅਕਸਰ ਕੋਈ ਨਾ ਕੋਈ ਸਾਂਝੀ ਥਾਂ ਹੁੰਦੀ ਹੀ ਹੈ।

ਬਹੁਤੀਆਂ ਸਥਿਤੀਆਂ ਤੇ ਆਮ ਹਾਲਤਾਂ ਵਿਚ ਇਹ ਕਿਸੇ ਵੱਡੇ ਰੁੱਖ ਹੇਠਾਂ ਉਸ ਦੇ ਮੁੱਢ ਦੇ ਆਲੇ-ਦੁਆਲੇ ਬਣੇ ਥੜ੍ਹੇ ਵਾਲੀ ਥਾਂ ਹੁੰਦੀ ਹੈ, ਜਿੱਥੇ ਲੋਕ ਆਪਣੇ ਵਿਹਲ ਦੇ ਪਲ ਲੰਘਾਉਣ ਲਈ, ਗੱਪ-ਸ਼ੱਪ ਮਾਰਨ ਲਈ, ਕੁਝ ਕਹਿਣ-ਸੁਣਨ ਲਈ ਆ ਬੈਠਦੇ ਹਨ। ਉਂਜ ਤਾਂ ਲੋਕਾਂ ਨੂੰ ਆਪਣੇ ਖੇਤਾਂ-ਬੰਨ੍ਹਿਆਂ ਦੇ, ਘਰਾਂ ਦੇ, ਮਾਲ-ਡੰਗਰ ਨੂੰ ਸਾਂਭਣ ਦੇ ਕੰਮਾਂ ਤੋਂ ਵਿਹਲ ਹੀ ਘੱਟ ਮਿਲਦੀ ਹੈ, ਪਰ ਰੋਜ਼ਾਨਾ ਜੀਵਨ ਦੇ ਅਜਿਹੇ ਕੰਮਾਂ ਤੋਂ ਵਿਹਲ ਕੱਢ ਕੇ ਲੋਕ ਪਿੰਡ ਦੀ ਸੱਥ ਵਿਚ ਆ ਕੇ ਬੈਠਣਾ ਪਸੰਦ ਕਰਦੇ ਹਨ। ਸਰਸਰੀ ਤੇ ਓਪਰੀ ਨਜ਼ਰੇ ਵੇਖਿਆਂ ਕਈ ਵਾਰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਪਿੰਡ ਦੇ ਬਜ਼ੁਰਗ, ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਆਏ ਲੋਕ ਤੇ ਵਿਹਲੜ ਇਸ ਥਾਂ 'ਤੇ ਆ ਕੇ ਬੈਠਦੇ ਹਨ ਤੇ ਆਪਣੇ ਵਿਹਲ ਦੇ ਪਲਾਂ ਨੂੰ ਦਿਲਚਸਪ ਤੇ ਮਨੋਰੰਜਕ ਬਣਾ ਕੇ ਗੁਜ਼ਾਰਦੇ ਹਨ। ਵੱਡੇḲਬੁੱਢੇ ਬੋਹੜ ਹੇਠਾਂ ਜੁੜ ਬੈਠੇ, ਗੱਲਾਂ-ਬਾਤਾਂ ਕਰਦੇ, ਹਾਸਾ ਮਜ਼ਾਕ ਕਰਦੇ, ਆਪਣੇ ਤਜਰਬੇ ਸਾਂਝੇ ਕਰਦੇ ਲੋਕ ਖੇਤਾਂ, ਫ਼ਸਲਾਂ, ਪਸ਼ੂਆਂ, ਖੇਤੀ ਸੰਦਾਂ, ਮੰਡੀਆਂ, ਆੜ੍ਹਤੀਆਂ, ਜਿਣਸਾਂ ਦੇ ਭਾਅ, ਨਫ਼ੇ-ਨੁਕਸਾਨ, ਪਿੰਡ ਦੇ ਲੜਾਈ-ਝਗੜਿਆਂ, ਪੰਚਾਇਤਾਂ ਆਦਿ ਦੀਆਂ ਗੱਲਾਂ ਕਰਨ ਵਿਚ ਮਸਤ ਰਹਿੰਦੇ ਹਨ। ਅਖ਼ਬਾਰਾਂ ਦੀਆਂ ਖ਼ਬਰਾਂ, ਚਲੰਤ ਮਾਮਲਿਆਂ ਦੇਸ਼Ḳਪ੍ਰਾਂਤ ਦੀਆਂ ਸਰਕਾਰਾਂ, ਰਾਜਨੀਤੀ, ਕਿਸੇ ਦੀ ਬਹਾਦਰੀ, ਕਿਸੇ ਖੇਤਰ ਵਿਚ ਪਿੰਡ ਦਾ ਨਾਂ ਰੌਸ਼ਨ ਕਰਨ ਵਾਲੇ ਲੋਕਾਂ ਦੀਆਂ ਗੱਲਾਂ ਆਦਿ ਅਕਸਰ ਸੱਥ ਵਿਚ ਚਰਚਾ ਦੇ ਵਿਸ਼ੇ ਬਣਦੀਆਂ ਹਨ।

ਸੱਥ ਵਿਚ ਬੈਠ ਕੇ ਲੋਕ ਇਕ ਦੂਜੇ ਨਾਲ ਦੁਖ-ਸੁਖ ਸਾਂਝੇ ਕਰਦੇ ਹਨ। ਮਨ ਦੇ ਬੋਝ ਨੂੰ ਹਲਕਾ ਕਰਦੇ ਹਨ ਤੇ ਜੀਵਨ ਵਿਚ ਰੰਗ ਭਰਨ ਦੇ ਆਹਰ ਵਿਚ ਜੁਟੇ ਰਹਿੰਦੇ ਹਨ। ਪੰਜਾਬੀ ਸੱਭਿਆਚਾਰ ਵਿਚ ਇਹ ਥਾਂ ਰਮਣੀਕ ਥਾਂ ਬਣਨ ਦਾ ਰੁਤਬਾ ਰੱਖਦੀ ਹੈ, ਇਹ ਸੱਥ ਵਿਚ ਬੈਠਦੇ ਲੋਕ ਬਿਹਤਰ ਜਾਣਦੇ ਹਨ।



ਗਪੌੜੀ, ਅਮਲੀ, ਚੁਟਕਲੇ ਸੁਣਾਉਣ ਵਾਲੇ ਅਤੇ ਗੱਲਾਂ ਨੂੰ ਰੌਚਕ ਬਿਰਤਾਂਤ ਬਣਾ ਕੇ ਪੇਸ਼ ਕਰਨ ਵਾਲੇ ਲੋਕ ਸੱਥ ਵਿਚ ਮਾਣ-ਸਨਮਾਨ ਹਾਸਲ ਕਰਦੇ ਹਨ। ਜ਼ਿੰਦਗੀ ਦੇ ਕਿੱਸਿਆਂ ਨੂੰ ਉਤਸੁਕਤਾ ਭਰਪੂਰ ਰਸ ਰੰਗ ਨਾਲ ਸ਼ਿੰਗਾਰ ਕੇ ਬਿਆਨ ਕਰਨ ਦੀ ਕਲਾ ਵਿਚ ਮਾਹਿਰ ਲੋਕ ਸੱਥ ਵਿਚ ਆਪਣੀ ਵਿਸ਼ੇਸ਼ ਪਛਾਣ ਬਣਾ ਲੈਂਦੇ ਹਨ। ਸੱਥ ਵਿਚ ਮਹਿਫ਼ਲ ਸੱਜਦੀ ਹੈ। ਬਿਨਾਂ ਕਿਸੇ ਸੰਗ-ਸੰਕੋਚ ਤੋਂ ਲੋਕ ਆਪਣੀ ਗੱਲ ਕਹਿ ਸੁਣਾਉਂਦੇ ਹਨ। ਉੱਥੇ ਬਾਤ ਦਾ ਬਤੰਗੜ ਬਣਦਾ ਹੈ, ਰਾਈ ਦਾ ਪਹਾੜ ਬਣਾ ਕੇ ਤੇ ਰੱਸੀਆਂ ਦੇ ਸੱਪ ਬਣਾ ਕੇ ਪੇਸ਼ ਕੀਤੇ ਜਾ ਸਕਦੇ ਹਨ। ਬੂੰਦ ਦਾ ਸਮੁੰਦਰ ਬਣਾਇਆ ਜਾ ਸਕਦਾ ਹੈ, ਸਮੁੰਦਰ ਨੂੰ ਕੁੱਜੇ ਵਿਚ ਬੰਦ ਕੀਤਾ ਜਾ ਸਕਦਾ ਹੈ। ਸੌ ਹੱਥ ਰੱਸਾ ਸਿਰੇ 'ਤੇ ਗੰਢ ਕਹਿ ਕੇ ਕਿਸੇ ਗੱਲḲਬਹਿਸ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ। ਸੱਥਾਂ ਵਿਚ ਗੱਲਾਂ ਕਰਦੇ ਗਾਲੜੀ ਪਿੰਡ ਦੀਆਂ ਛੋਟੀਆਂ-ਵੱਡੀਆਂ ਖ਼ਬਰਾਂḲਸੂਚਨਾਵਾਂ ਨੂੰ ਮਿਰਚ ਮਸਾਲੇ ਲਗਾ ਕੇ ਸਾਂਝਾ ਕਰਦੇ ਹਨ। ਉਹ ਗੱਲਾਂ ਦੀ ਲੜੀ ਟੁੱਟਣ ਨਹੀਂ ਦਿੰਦੇ। ਸੱਥ ਵਿਚ ਦੇਸ਼ ਦੇ, ਰਾਜ ਦੇ, ਇਲਾਕੇ ਦੇ, ਲੋਕਾਂ ਦੇ ਸਾਂਝੇ ਮਸਲਿਆਂ ਉੱਪਰ ਖੁੰਢ ਚਰਚਾ ਛਿੜਦੀ ਹੈ। ਕਈ ਵਾਰ ਗੰਭੀਰ ਮਸਲੇ ਵੀ ਵਿਚਾਰ ਅਧੀਨ ਲਿਆਂਦੇ ਜਾਂਦੇ ਹਨ। ਪਿੰਡ ਦੇ ਕੇਂਦਰੀ ਸਥਾਨ ਸੱਥ ਵਿਚ ਪਿੰਡ ਦਾ ਦਿਲ ਧੜਕਦਾ ਹੈ। ਲੋਕ ਮਨ ਬੋਲਦਾ ਹੈ। ਸੱਥ ਵਿਚੋਂ ਪਿੰਡ ਦੀ ਆਵਾਜ਼ ਸੁਣੀ ਜਾ ਸਕਦੀ ਹੈ। ਪਿੰਡ ਦੀ ਨਬਜ਼ ਟਟੋਲੀ ਜਾ ਸਕਦੀ ਹੈ। ਪਿੰਡ ਦੇ ਗਲੀ-ਮੁਹੱਲੇ ਤੋਂ ਲੈ ਕੇ ਰਾਸ਼ਟਰਪਤੀ, ਅੰਤਰਾਸ਼ਟਰੀ ਸਮੱਸਿਆਵਾਂ ਦਾ ਜ਼ਿਕਰ ਛਿੜਦਾ ਹੈ। ਸੱਥ ਵਿਚੋਂ ਪਿੰਡ ਦਾ ਸੁਭਾਅ, ਸਮੁੱਚੇ ਪਿੰਡ ਦੇ ਚਰਿੱਤਰ ਦੇ ਕਈ ਪਹਿਲੂਆਂ ਨੂੰ ਸੁਣਿਆ, ਸਮਝਿਆ, ਜਾਣਿਆ ਜਾ ਸਕਦਾ ਹੈ। ਮੁੱਛ ਫੁਟ ਗੱਭਰੂ ਵੀ ਕੁਝ ਨਵਾਂ ਸੁਣਨ ਵਾਸਤੇ ਸੱਥ ਵਿਚ ਗੇੜਾ ਲਾ ਆਉਂਦੇ ਹਨ। ਕਈ ਵਾਰ ਉੱਥੋਂ ਸੁਣੀਆਂ ਗੱਲਾਂ ਉਨ੍ਹਾਂ ਦੇ ਮਾਨਸਿਕ ਤੇ ਬੌਧਿਕ ਵਿਕਾਸ ਵਿਚ ਸਹਾਈ ਹੋ ਸਕਦੀਆਂ ਹਨ। ਸੱਥ ਵਿਚੋਂ ਉਨ੍ਹਾਂ ਨੂੰ ਜੀਵਨ ਜਾਚ ਦੇ ਨੁਕਤੇ ਤੇ ਨੈਤਿਕ ਕਦਰਾਂ-ਕੀਮਤਾਂ ਵਾਲੀਆਂ ਗੱਲਾਂ ਵੀ ਸੁਣਨ ਨੂੰ ਮਿਲ ਸਕਦੀਆਂ ਹਨ। ਦੇਸ਼, ਰਾਜ ਅਤੇ ਇਲਾਕੇ ਦੇ ਨੇਤਾਵਾਂ ਦੇ ਵਿਵਹਾਰ, ਉਨ੍ਹਾਂ ਦੇ ਕੰਮਾਂ, ਉਨ੍ਹਾਂ ਦੇ ਗੁਣ-ਔਗੁਣ ਵੀ ਸੱਥ ਵਿਚ ਚਰਚਾ ਦਾ ਵਿਸ਼ਾ ਬਣਦੇ ਹਨ।

ਹੁਣ ਦੇ ਅਤੇ ਪੁਰਾਣੇ ਨੇਤਾਵਾਂ ਦੀ ਤੁਲਨਾ ਵੀ ਕੀਤੀ ਜਾਂਦੀ ਹੈ। ਕਿਸਾਨ ਜਥੇਬੰਦੀਆਂ ਦੀਆਂ ਗੱਲਾਂ, ਸਾਂਝੇ ਘੋਲਾਂḲਅੰਦੋਲਨਾਂ ਦੀਆਂਈਗੱਲਾਂ, ਕਰਜ਼ੇ ਦੀਆਂ ਖ਼ਰਾਬੀਆਂ, ਵਿਆਹਾਂ ਦੇ ਖ਼ਰਚਿਆਂ, ਦਫ਼ਤਰਾਂ ਵਿਚ ਕੰਮ ਕਰਵਾਉਣ ਵੇਲੇ ਆਉਂਦੀਆਂ ਕਠਿਨਾਈਆਂḲਰੁਕਾਵਟਾਂ, ਭ੍ਰਿਸ਼ਟਾਚਾਰ ਆਦਿ ਬਾਰੇ ਵੀ ਗੱਲਾਂ ਛਿੜਦੀਆਂ ਹਨ। ਲਾਈ ਲੱਗਾਂ ਦੀਆਂ ਗੱਲਾਂ ਵੀ ਕਹੀਆਂ-ਸੁਣੀਆਂ ਜਾਂਦੀਆਂ ਹਨ। ਨਕਲਾਂ ਕਰਨ ਵਾਲੇ, ਭੰਡ, ਰਾਸ ਧਾਰੀਏ ਤੇ ਲੋਕਾਂ ਦਾ ਹਲਕਾ-ਫੁਲਕਾ ਮਨੋਰੰਜਨ ਕਰਨ ਵਾਲੇ ਲੋਕ ਕਲਾਕਾਰ ਵੀ ਸੱਥ ਵਿਚ ਆ ਕੇ ਆਪਣੀ ਕਲਾ ਦੇ ਰੰਗ ਬਿਖੇਰਦੇ ਹਨ। ਸੱਥ ਵਿਚ ਅਸਲ ਦੁਨੀਆਂ ਦੇ ਸਮਾਨਾਂਤਰ ਇਕ ਦੁਨੀਆਂ ਵਾਸਾ ਕਰਦੀ ਪ੍ਰਤੀਤ ਹੁੰਦੀ ਹੈ। ਸੱਚ-ਮੁਚ ਪਿੰਡ ਦੀ ਆਵਾਜ਼ ਬਣਦੀ ਹੈ। ਸਮੇਂ ਦੇ ਫੇਰ-ਬਦਲ ਨਾਲ ਸੱਥ ਦੇ ਸੁਭਾਅ ਤੇ ਰੌਣਕ ਵਿਚ ਤਬਦੀਲੀ ਦਾ ਵਾਪਰਨਾ ਸਹਿਜ ਕਿਸਮ ਦਾ ਵਰਤਾਰਾ ਹੈ।

# ਲਾਕਡਾਊਨ ਨੇ ਏਅਰਲਾਈਨਾਂ ਦੀ ਤਹਿ ਲਾ ਦਿੱਤੀ ਹੈ

-ਰਵਰੀਤ ਸਿੰਘ

ਸ਼ਹਿਰੀ ਹਵਾਬਾਜ਼ੀ ਅਰਥਾਤ ਏਵੀਏਸ਼ਨ ਸੈਕਟਰ ਵਿਸ਼ਵ ਭਰ ਵਿੱਚ ਸਭ ਤੋਂ ਮਹੱਤਵਪੂਰਨ ਉਦਯੋਗਾਂ 'ਚੋਂ ਇੱਕ ਹੈ। ਇਸ ਉਦਯੋਗ ਵਿੱਚ ਵਰਤੇ ਜਾਣ ਵਾਲੇ ਹਵਾਈ ਜਹਾਜ਼ਾਂ ਦੀ ਵਰਤੋਂ ਸਿਰਫ ਯਾਤਰੀਆਂ ਨੂੰ ਇੱਕ ਤੋਂ ਦੂਜੀ ਜਗ੍ਹਾ ਜਾਂ ਮਾਲ ਲਿਜਾਣ ਲਈ ਕੀਤੀ ਜਾਂਦੀ ਹੈ। ਪੂਰੀ ਦੁਨੀਆ ਵਿੱਚ ਕੋਰੋਨਾ ਵਾਇਰਸ ਫੈਲਣ ਦੇ ਕਾਰਨ ਇਹ ਖੇਤਰ ਸਭ ਤੋਂ ਵੱਧ ਪ੍ਰਭਾਵਤ ਹੋਇਆ ਹੈ। ਕੋਰੋਨਾ ਕਾਰਨ ਭਾਰਤ ਸਮੇਤ ਕਈ ਦੇਸ਼ਾਂ ਨੇ ਹਵਾਈ ਉਡਾਣਾਂ ਰੱਦ ਕਰ ਦਿੱਤੀਆਂ ਹਨ। ਦੁਨੀਆ ਭਰ ਦੀਆਂ ਏਅਰਲਾਈਨਾਂ ਵੱਲੋਂ ਲਗਭਗ ਸਾਰੀਆਂ ਉਡਾਣਾਂ ਬੰਦ ਹੋਣ ਕਾਰਨ ਏਵੀਏਸ਼ਨ ਸੈਕਟਰ ਨੂੰ ਹੋ ਰਹੇ ਨੁਕਸਾਨ ਦੀ ਵਿਸ਼ਾਲਤਾ ਨੂੰ ਉਜਾਗਰ ਕਰ ਰਿਹਾ ਹੈ। ਕੋਰੋਨਾ ਨੇ ਸਿਰਫ ਸੜਕਾਂ ਨੂੰ ਹੀ ਨਹੀਂ, ਦੁਨੀਆ ਭਰ ਦੇ ਅਸਮਾਨ ਨੂੰ ਵੱਡੀ ਗਿਣਤੀ ਵਿੱਚ ਉਡ ਰਹੇ ਹਵਾਈ ਜਹਾਜ਼ਾਂ ਤੋਂ ਖਾਲੀ ਕਰ ਦਿੱਤਾ ਹੈ।

ਦੁਨੀਆ ਦੇ ਕਈ ਸ਼ਹਿਰ, ਜਿਵੇਂ ਨਿਊ ਯਾਰਕ, ਜਿਸ ਨੂੰ ਸਿਟੀ ਨੈਵਰ ਸਲੀਪਸ (ਕਦੀ ਨਾ ਸੌਣ ਵਾਲਾ ਸ਼ਹਿਰ) ਕਿਹਾ ਜਾਂਦਾ ਹੈ, ਅੱਜ ਸੁੰਨਸਾਨ ਨਜ਼ਰ ਆ ਰਿਹਾ ਹੈ। ਵੈੱਬਸਾਈਟ ਫਲਾਈ ਟ੍ਰੇਡਰ 24, ਜੋ ਕਿ ਵਿਸ਼ਵ ਦੀਆਂ ਉਡਾਣਾਂ ਨੂੰ ਟਰੈਕ ਕਰਦੀ ਹੈ ਅਤੇ ਦੁਨੀਆ ਭਰ ਦੇ ਹਜ਼ਾਰਾਂ ਜਹਾਜ਼ਾਂ ਬਾਰੇ ਰੋਜ਼ਾਨਾ ਅਸਲ ਸਮੇਂ ਦੀ ਜਾਣਕਾਰੀ ਦੇਂਦੀ ਹੈ, ਤੋਂ ਮਿਲਦੇ ਅੰਕੜਿਆਂ ਅਨੁਸਾਰ ਦਸੰਬਰ 2019 ਵਿੱਚ ਰੋਜ਼ਾਨਾ ਲਗਭਗ ਦੋ ਲੱਖ ਉਡਾਣਾਂ ਹੁੰਦੀਆਂ ਸਨ ਅਤੇ ਲੱਖਾਂ ਯਾਤਰੀ ਲੈ ਕੇ ਜਾਂਦੀਆਂ ਸਨ। ਇਸ ਦੀ ਔਸਤ ਜਨਵਰੀ ਦੇ ਮਹੀਨੇ ਵਿੱਚ ਘੱਟ ਕੇ ਰੋਜ਼ਾਨਾ 18 ਲੱਖ, ਫਰਵਰੀ 17 ਲੱਖ ਹੋ ਗਈ ਸੀ। ਇਹ ਮਾਰਚ ਦੇ ਅੰਤ ਵਿੱਚ ਲਗਭਗ ਇੱਕ ਤਿਹਾਈ ਘੱਟ ਕੇ ਸਿਰਫ 69,000 ਰਹਿ ਗਈ।

ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਆਈ ਏ ਟੀ ਏ) ਦੇ ਤਾਜ਼ਾ ਅੰਕੜਿਆਂ ਅਨੁਸਾਰ ਵਿਸ਼ਵ ਭਰ ਦੀਆਂ ਏਅਰਲਾਈਨਾਂ ਨੂੰ ਕਰੀਬ 252 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਅਮੀਰਾਤ, ਇਤਹਿਦਾ, ਲੁਫਥਾਂਸਾ, ਸਿੰਗਾਪੁਰ ਏਅਰਲਾਈਨਜ਼ ਵਰਗੀਆਂ ਦੁਨੀਆ ਦੀਆਂ ਕਈ ਪ੍ਰਮੁੱਖ ਏਅਰਲਾਈਨਾਂ ਨੂੰ ਆਪਣੇ ਜਹਾਜ਼ ਹਵਾਈ ਅੱਡਿਆਂ 'ਤੇ ਖੜ੍ਹੇ ਕਰਨੇ ਪੈ ਗਏ ਹਨ। ਇਹ ਇਸ ਲਈ ਹੋਇਆ ਕਿ ਬਹੁਤ ਸਾਰੇ ਦੇਸ਼ਾਂ ਨੇ ਸਾਰੀਆਂ ਘਰੇਲੂ ਤੇ ਕੌਮਾਂਤਰੀ ਉਡਾਣਾਂ 'ਤੇ ਪਾਬੰਦੀ ਲਾ ਦਿੱਤੀ ਹੈ। ਭਾਰਤ ਨੇ ਵੀ ਸਭ ਘਰੇਲੂ ਤੇ ਕੌਮਾਂਤਰੀ ਉਡਾਣਾਂ ਨੂੰ ਪਹਿਲਾਂ 24 ਮਾਰਚ ਤੋਂ ਤੀਹ ਮਾਰਚ ਤੱਕ ਬੰਦ ਕਰ ਦਿੱਤਾ ਸੀ, ਜੋ ਪਹਿਲਾਂ 14 ਅਪ੍ਰੈਲ, ਫਿਰ ਤਿੰਨ ਮਈ ਤੇ ਫਿਲਹਾਲ 17 ਮਈ ਤੱਕ ਬੰਦ ਰਹਿਣਗੀਆਂ। ਸਾਰੀਆਂ ਭਾਰਤੀ ਏਅਰਲਾਈਨਾਂ ਏਅਰ ਇੰਡੀਆ, ਇੰਡੀਗੋ, ਵਿਸਤਾਰਾ, ਸਪਾਈਸਜੈੱਟ, ਗੋਏਅਰ ਨੂੰ ਇਸ ਨਾਲ ਵੱਡਾ ਘਾਟਾ ਪੈ ਰਿਹਾ ਹੈ। ਉਨ੍ਹਾਂ ਨੂੰ ਭਾਰਤ ਦੇ ਵੱਖ-

## ਏਵੀਏਸ਼ਨ ਉੱਤੇ ਕੋਰੋਨਾ ਦਾ ਪ੍ਰਭਾਵ

ਵੱਖ ਹਵਾਈ ਅੱਡਿਆਂ 'ਤੇ ਪਾਰਕਿੰਗ ਸਥਾਨਾਂ ਦੀ ਵੀ ਭਾਲ ਕਰਨੀ ਪਈ ਅਤੇ ਕਈ ਸਟਾਫ ਮੈਂਬਰ ਵੱਖ-ਵੱਖ ਸ਼ਹਿਰਾਂ ਵਿੱਚ ਫਸੇ ਹੋਏ ਹਨ।

ਸੈਂਟਰ ਫਾਰ ਏਵੀਏਸ਼ਨ (ਸੀ ਏ ਪੀ ਏ) ਦੀ ਭਾਰਤ ਵਿਚਲੀ ਸ਼ਾਖਾ, ਜੋ ਸ਼ਹਿਰੀ ਹਵਾਬਾਜ਼ੀ ਤੇ ਯਾਤਰਾ ਉਦਯੋਗ ਦੇ ਅਨੁਮਾਨਾਂ ਦੀ ਜਾਣਕਾਰੀ ਦੇਂਦੀ ਹੈ, ਨੇ ਇਹ ਅਨੁਮਾਨ ਲਗਾਇਆ ਹੈ ਕਿ ਭਾਰਤ ਦੀ ਰਾਸ਼ਟਰੀ ਏਅਰਲਾਈਨ ਏਅਰ ਇੰਡੀਆ ਨੂੰ ਰੋਜ਼ ਤੀਹ-ਪੈਂਤੀ ਕਰੋੜ ਦਾ ਘਾਟਾ ਪੈ ਰਿਹਾ ਹੈ। ਮਾਰਚ ਵਿੱਚ ਫਲਾਈਬੀ, ਜੋ ਯੂਰਪ ਦੀ ਸਭ ਤੋਂ ਵੱਡੀ ਖੇਤਰੀ ਏਅਰਲਾਈਨ ਹੈ, ਕੋਰੋਨਾ ਵਾਇਰਸ ਕਾਰਨ ਵਿੱਤੀ ਘਾਟੇ ਨੂੰ ਪੂਰਾ ਨਾ ਕਰ ਸਕੀ ਅਤੇ ਉਸ ਦਾ ਦੀਵਾਲਾ ਨਿਕਲ ਗਿਆ। ਆਈ ਏ ਟੀ ਏ ਦਾ ਅੰਦਾਜ਼ਾ ਹੈ ਕਿ ਜੇ ਜਲਦੀ ਉਡਾਣਾਂ ਸ਼ੁਰੂ ਨਾ ਹੋਈਆਂ ਤਾਂ ਕਈ ਹੋਰ ਏਅਰਲਾਈਨਾਂ ਇਸ ਹਾਲ ਵਿੱਚ ਜਾ ਸਕਦੀਆਂ ਹਨ। ਸਿਰਫ ਏਅਰਲਾਈਨਾਂ ਨਹੀਂ, ਇਹ ਸਥਿਤੀ ਜਹਾਜ਼ ਨਿਰਮਾਤਾਵਾਂ 'ਤੇ ਵੀ ਮਾੜਾ ਪ੍ਰਭਾਵ ਪਾ ਰਹੀ ਹੈ। ਏਅਰਬਸ ਅਤੇ ਬੋਇੰਗ, ਵਿਸ਼ਵ ਦੇ ਸਭ ਤੋਂ ਵੱਡੇ ਏਅਰ ਕਰਾਫਟ ਨਿਰਮਾਣਕਾਰਾਂ ਨੇ ਆਪਣੇ ਬਹੁਤ ਸਾਰੇ ਜਹਾਜ਼ਾਂ ਦੇ ਉਤਪਾਦਨ 'ਤੇ ਅਸਥਾਈ ਰੋਕ ਲਾ ਦਿੱਤੀ ਹੈ। ਉਤਪਾਦਨ ਦੀ ਰੁਕਾਵਟ, ਏਅਰਲਾਈਨਾਂ ਦੁਆਰਾ ਨਵੇਂ ਜਹਾਜ਼ਾਂ ਨੂੰ ਨਾ ਖਰੀਦਣਾ ਇੱਕ ਵੱਡੇ ਵਿੱਤੀ ਸੰਕਟ ਵੱਲ ਇਸ਼ਾਰਾ ਹੈ।

ਇਸ ਸਾਰੇ ਵਰਤਾਰੇ ਕਾਰਨ ਏਵੀਏਸ਼ਨ ਸੈਕਟਰ ਦੇ ਸਾਰੇ ਕਰਮਚਾਰੀਆਂ ਦੇ ਭਵਿੱਖ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਫਲਾਈਬੀ ਦੇ ਬੰਦ ਹੋਣ ਨਾਲ ਇਸ ਦੇ ਹਜ਼ਾਰਾਂ ਮੁਲਾਜ਼ਮ ਬੇਰੁਜ਼ਗਾਰ ਹੋ ਗਏ ਹਨ। ਜੇ ਇਹ ਸਥਿਤੀ ਜਾਰੀ ਰਹੀ ਤਾਂ ਹੋ ਸਕਦਾ ਹੈ ਕਿ ਲੱਖਾਂ ਲੋਕ ਭਾਰਤ ਅਤੇ ਵਿਸ਼ਵ ਭਰ ਵਿੱਚ ਬੇਰੁਜ਼ਗਾਰ ਹੋਣਗੇ। ਭਾਰਤ ਅਤੇ ਵਿਸ਼ਵ ਦੇ ਹਵਾਈ ਅੱਡਿਆਂ ਨੂੰ ਵੀ ਫਲਾਈਟਾਂ ਰੱਦ ਹੋਣ ਕਾਰਨ ਫੀਸ ਦੇ ਰੂਪ ਵਿੱਚ ਹੋ ਰਹੀ ਆਮਦਨੀ ਨਾ ਹੋਣ ਕਾਰਨ ਭਾਰ ਘਾਟਾ ਪੈ ਰਿਹਾ ਹੈ। ਅੰਮ੍ਰਿਤਸਰ ਆਪਣੇ ਕੁਝ ਰੂਟਾਂ 'ਤੇ ਵਕਤੀ ਤੌਰ 'ਤੇ ਆਪਣਾ ਕੌਮਾਂਤਰੀ ਸੰਪਰਕ ਗੁਆ ਸਕਦਾ ਹੈ। ਏਅਰਲਾਈਨਾਂ ਵੱਡੇ ਹਵਾਈ ਅੱਡਿਆਂ ਤੋਂ ਰੂਟ ਮੁੜ ਸ਼ੁਰੂ ਕਰਨ 'ਤੇ ਧਿਆਨ ਕੇਂਦਰਿਤ ਕਰਨਗੀਆਂ। ਇਸ ਤੋਂ ਬਾਅਦ ਅੰਮ੍ਰਿਤਸਰ ਵਰਗੇ ਟੀਅਰ-2 ਹਵਾਈ ਅੱਡੇ ਤੋਂ ਸ਼ੁਰੂ ਕਰਨਗੀਆਂ। ਅੰਮ੍ਰਿਤਸਰ ਉਡਾਣਾਂ ਬੰਦ ਹੋਣ ਤੋਂ ਪਹਿਲਾਂ ਨੌਂ ਕੌਮਾਂਤਰੀ ਅਤੇ ਨੌਂ ਘਰੇਲੂ ਸ਼ਹਿਰਾਂ ਲਈ ਉਡਾਣਾਂ ਸਨ ਅਤੇ ਇਥੇ ਰੋਜ਼ਾਨਾ 25 ਤੋਂ ਤੀਹ ਉਡਾਣਾਂ ਸਨ। ਕੋਰੋਨਾ ਮਹਾਮਾਰੀ ਤੋਂ ਪਹਿਲਾਂ ਅੰਮ੍ਰਿਤਸਰ ਦੇ ਰਾਜਾਸਾਂਸੀ ਕੌਮਾਂਤਰੀ ਹਵਾਈ ਅੱਡੇ 'ਤੇ ਗਹਿਮਾ ਗਹਿਮੀ ਹੋਇਆ ਕਰਦੀ ਸੀ।

ਅਮਰੀਕੀ, ਕੈਨੇਡਾ, ਆਸਟਰੇਲੀਆ, ਇੰਗਲੈਂਡ, ਨਿਊਜ਼ੀਲੈਂਡ ਅਤੇ ਹੋਰ ਦੇਸ਼ਾਂ 'ਚੋਂ ਪਰਵਾਸੀ ਪੰਜਾਬੀ ਜਹਾਜ਼ ਭਰ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਆਇਆ ਕਰਦੇ ਸਨ। ਅੱਜ ਇਹ ਏਅਰਪੋਰਟ ਭਾਂ-ਭਾਂ ਕਰ ਰਿਹਾ ਹੈ। ਇਹੀ ਹਾਲ ਦੇਸ਼-ਵਿਦੇਸ਼ ਦੇ ਹੋਰ ਹਵਾਈ ਅੱਡਿਆਂ ਦਾ ਹੈ। ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਇਹ ਸੈਕਟਰ ਕੋਰੋਨਾ ਦੀ ਕਿੰਨੀ ਮਾਰ ਸਹਾਰ ਰਿਹਾ ਹੈ। ਉਡਾਣਾਂ ਬੰਦ ਹੋਣ ਕਾਰਨ ਵਿਦੇਸ਼ਾਂ ਵਿੱਚ ਵਸੇ ਕਈ ਭਾਰਤੀ ਅਤੇ ਸੈਲਾਨੀ ਭਾਰਤ ਵਿੱਚਅਤੇ ਭਾਰਤੀ ਵਿਦੇਸ਼ਾਂ ਵਿੱਚ ਫਸ ਗਏ ਹਨ। ਸਰਕਾਰਾਂ ਵੱਲੋਂ ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂ ਜੋ ਨਾਗਰਿਕ ਆਪਣੇ ਮੁਲਕਾਂ ਦਰਮਿਆਨ ਉਡਾਣਾਂ ਦੇ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਬਹੁਤ ਮੱਧਮ ਜਾਪ ਰਹੀ ਹੈ।

# ਪਿੱਜ਼ਾ ਸਮੋਸਾ

ਸਮੱਗਰੀ- 300 ਗਰਾਮ ਮੈਦਾ, ਇੱਕ ਟੀ ਸਪੂਨ ਨਮਕ, ਤੇਲ 35 ਮਿਲੀਲੀਟਰ, 150 ਮਿਲੀਲੀਟਰ ਪਾਣੀ, ਪਿਆਜ਼ 100 ਗਰਾਮ, ਟਮਾਟਰ 100 ਗਰਾਮ, ਸ਼ਿਮਲਾ ਮਿਰਚ 250 ਗਰਾਮ, ਸਵੀਟ ਕੋਰਨ 80 ਗਰਾਮ, ਮੋਜਰੇਲਾ ਚੀਜ਼ 160 ਗਰਾਮ, ਪਿੱਜ਼ਾ ਸੋਸ 60 ਗਰਾਮ, ਕੈਚਅਪ 50 ਗਰਾਮ, ਨਮਕ 1/4 ਟੀ ਸਪੂਨ, ਕਾਲੀ ਮਿਰਚ 1/4 ਟੀ ਸਪੂਨ, ਓਰੇਗੈਨੋ 1 ਟੀ ਸਪੂਨ, ਚਿੱਲੀ ਫਲੇਕਸ ਅੱਧਾ ਟੀ ਸਪੂਨ, ਬਲੈਕ ਓਲਿਵ ਇੱਕ ਟੇਬਲ ਸਪੂਨ, ਪਾਣੀ-ਬਰੱਸ਼ ਲਈ, ਤਲਣ ਲਈ ਤੇਲ।

ਵਿਧੀ- ਇੱਕ ਮਿਕਸਿੰਗ ਬਾਊਲ 'ਚ 300 ਗਰਾਮ ਮੈਦਾ, ਇੱਕ ਟੀ ਸਪੂਨ ਨਮਕ, 35 ਮਿਲੀਲੀਟਰ ਤੇਲ, 150 ਮਿਲੀਲੀਟਰ ਪਾਣੀ ਪਾ ਕੇ ਨਰਮ ਗੁੰਨ ਲਓ ਅਤੇ 20 ਮਿੰਟ ਲਈ ਰੱਖ ਦਿਓ।

ਇੱਕ ਹੋਰ ਕਟੋਰੀ ਵਿੱਚ 100 ਗਰਾਮ ਪਿਆਜ਼, 100 ਗਰਾਮ ਟਮਾਟਰ, 250 ਗਰਾਮ ਸ਼ਿਮਲਾ ਮਿਰਚ, 80 ਗਰਾਮ ਸੀਟ



ਕੌਰਨ, 160 ਗਰਾਮ ਮੋਜਰੇਲਾ ਚੀਜ਼, 60 ਗਰਾਮ ਪਿੱਜ਼ਾ ਸੋਸ, 50 ਗਰਾਮ ਕੈਚਅਪ, 1/4 ਟੀ ਸਪੂਨ ਨਮਕ, ਇੱਕ ਟੀ ਸਪੂਨ ਕਾਲੀ ਮਿਰਚ, ਇੱਕ ਟੀ ਸਪੂਨ ਆਰਗੇਨੋ, ਅੱਧਾ ਟੀ ਸਪੂਨ ਮਿਰਚ ਫਲੇਕਸ, ਇੱਕ ਟੇਬਲ ਸਪੂਨ ਬਲੈਕ ਓਲਿਵ। ਇਸ ਸਾਰੀ ਸਮੱਗਰੀ ਨੂੰ ਚੰਗੀ ਤਰ੍ਹਾਂ ਮਿਲਾ ਲਓ।

ਫਿਰ ਆਟੇ ਦੀ ਇੱਕ ਲੋਈ ਲਓ ਅਤੇ ਵੇਲਣੇ ਦੀ ਮਦਦ ਨਾਲ ਚਪਟਾ ਕਰ ਕੇ ਇਸ ਨੂੰ ਅੱਧਾ ਕੱਟ ਲਓ। ਫਿਰ ਇਸ ਨੂੰ ਪਾਣੀ ਨਾਲ ਬਰੱਸ਼ ਕਰੋ। ਆਟੇ ਦਾ ਇੱਕ ਕੋਣ ਆਕਾਰ ਬਣਾ ਕੇ ਤਿਆਰ ਮਟੀਰੀਅਲ ਦੇ ਨਾਲ ਸਟੱਫਿੰਗ ਕਰੋ। ਕਿਨਾਰਿਆਂ ਨੂੰ ਚੰਗੀ ਤਰ੍ਹਾਂ ਸੀਲ ਕਰ ਦਿਓ। ਇੱਕ ਕੜਾਹੀ ਵਿੱਚ ਲੋੜੀਂਦੀ ਮਾਤਰਾ ਵਿੱਚ ਤੇਲ ਗਰਮ ਕਰੋ ਅਤੇ ਸੁਨਹਿਰ ਭੂਰਾ ਅਤੇ ਕੁਰਕੁਰਾ ਹੋਣ ਤੱਕ ਡੀਪ ਫਰਾਈ ਕਰੋ। ਤੁਹ-ਾਡਾ ਪਿੱਜ਼ਾ ਸਮੋਸਾ ਤਿਰ ਹੈ, ਹੁਣ ਇਸ ਨੂੰ ਗਰਮਾ ਗਰਮ ਪਰੋਸੋ।

# ਦੁਨੀਆ ਹੱਸਦੀ ਵਸਦੀ ਚੰਗੀ ਲਗਦੀ ਹੈ...

*ਦੁਨੀਆ ਹੱਸਦੀ ਵਸਦੀ ਚੰਗੀ ਲਗਦੀ ਹੈ।*
*ਅੱਜ ਕੱਲ੍ਹ ਦਹਿਸ਼ਤ ਦੀ ਇਹ ਡੰਗੀ ਲਗਦੀ ਹੈ।*
*ਜਿੰਦਾਂ ਕੁਦਰਤ ਖੂੰਜੇ ਬੰਦਾ ਲਾਉਂਦਾ ਸੀ*
*ਓਦਾਂ ਕੁਦਰਤ ਅੱਜ ਨਿਸੰਗੀ ਲਗਦੀ ਹੈ।*
*ਕੁਦਰਤ ਕੀਤਾ ਹਮਲਾ ਤੇ ਸਹਮੀ ਦੁਨੀਆ*
*ਇਹ ਦਹਿਸ਼ਤ ਤਾਂ ਪੂਰੀ ਜੰਗੀ ਲਗਦੀ ਹੈ।*
*ਮੌਤ ਬਿਮਾਰੀ ਬਣਕੇ ਦਰ ਦਰ ਜਾ ਢੁੱਕੀ*
*ਮੌਤ ਕਿਸੇ ਨਾ ਦਰ ਤੋਂ ਸੰਗੀ ਲਗਦੀ ਹੈ।*
*ਛੋਟੇ ਵੱਡੇ ਹੱਲ ਮੁਸੀਬਤ ਦਾ ਲੱਭਦੇ*
*ਚੰਗੀ ਦੁਨੀਆ ਹਿੰਮਤੀ ਢੰਗੀ ਲਗਦੀ ਹੈ।*
*ਰਾਸ਼ਨ ਪਾਣੀ ਮੁੱਕਿਆ ਕੋਲ ਗਰੀਬਾਂ ਦੇ*
*ਨਿੱਤ ਕਮਾਉਂਦੇ ਨੂੰ ਤਾਂ ਤੰਗੀ ਲਗਦੀ ਹੈ।*
*ਮਾਂ ਅਪਣੇ ਜਾਏ ਦੀ ਖੈਰ ਮਨਾਵੇ ਤੇ*
*ਫਿਕਰਾਂ ਵਾਲੀ ਸੂਲੀ ਟੰਗੀ ਲਗਦੀ ਹੈ।*
*ਦਾਨ ਕਰੇਂਦਾ ਕੋਈ ਤੇ ਕੋਈ ਲੁੱਟਦਾ*
*ਦੁਨੀਆ ਤੇਰੀ ਇਹ ਬਹੁ ਰੰਗੀ ਲਗਦੀ ਹੈ।*

*-ਹਰਦੀਪ ਬਿਰਦੀ 9041600900*

# ਕੋਰੋਨਾ ਦੀ ਮਾਰ ਮਗਰੋਂ ਸਮਾਜ ਨੂੰ ਫਿਰ 'ਉੱਤਮ ਖੇਤੀ' ਦਾ ਮੰਤਰ ਹੀ ਬਚਾ ਸਕਦੈ



ਜਤਿੰਦਰ ਪੰਨੂ

ਇਤਿਹਾਸ ਦਾ ਦੁਖਾਂਤ ਹੀ ਹੈ ਕਿ ਬੰਦਾ ਅੱਜ ਉਸ ਮੋੜ ਉੱਤੇ ਆ ਪਹੁੰਚਿਆ ਹੈ, ਜਿੱਥੇ ਖੁਦ ਆਪਣੇ ਪ੍ਰਛਾਵੇਂ ਤੋਂ ਵੀ ਡਰ ਲੱਗਣ ਲੱਗ ਪਿਆ ਹੈ। ਆਪਣੇ ਬਹੁਤ ਨੇੜੇ ਦੀ ਸਾਂਝ ਵਾਲੇ ਲੋਕਾਂ ਨਾਲ ਮਿਲਣ ਵੇਲੇ ਵੀ ਹੱਥ ਮਿਲਾਉਣ ਦੀ ਹਿੰਮਤ ਨਹੀਂ ਪੈਂਦੀ ਤੇ ਦੂਰੋਂ ਉਸ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਜਾਂ ਨਮਸਤੇ ਕਹਿਣੀ ਪੈਂਦੀ ਹੈ। ਜਿਹੜਾ ਬੰਦਾ ਕੱਲ੍ਹ ਮਿਲਿਆ ਹੁੰਦਾ ਹੈ, ਅੱਜ ਉਸ ਨੂੰ ਮਿਲਣ ਵੇਲੇ ਮਨ ਵਿੱਚ ਇਹ ਸੋਚ ਆਉਂਦੀ ਹੈ ਕਿ ਇਹ ਕੱਲ੍ਹ ਕਿਸੇ ਹੋਰ ਨੂੰ ਮਿਲਿਆ ਹੋਇਆ ਤਾਂ ਪਤਾ ਨਹੀਂ ਕਿਸੇ ਕੋਲੋਂ ਬਿਮਾਰੀ ਦਾ ਗੱਫਾ ਨਾ ਲੈ ਆਇਆ ਹੋਵੇ। ਏਦਾਂ ਤਾਂ ਕਦੀ ਨਹੀਂ ਸੀ ਹੋਈ। ਮਾਨਸ ਜਾਤ ਇਸ ਵਕਤ ਉਸ ਔਝੜ ਵਿੱਚ ਪੈ ਗਈ ਹੈ, ਜਿਸ ਤੋਂ ਨਿਕਲਣ ਦਾ ਕੋਈ ਰਾਹ ਨਜ਼ਰ ਨਹੀਂ ਆ ਰਿਹਾ।

ਅਸਲੋਂ ਡਰਾਉਣੇ ਇਨ੍ਹਾਂ ਹਾਲਾਤ ਵਿੱਚ ਅਜੇ ਕੁਝ ਹੋਰ ਡਰਾਉਣ ਵਾਲਾ ਬਾਕੀ ਹੈ। ਸੰਸਾਰ ਭਰ ਦੇ ਆਰਥਿਕਤਾ ਦੇ ਮਾਹਰ ਕਹੀ ਜਾ ਰਹੇ ਹਨ ਕਿ ਪਹਿਲਾਂ ਇਸ ਬੀਮਾਰੀ ਨੇ ਬਹੁਤ ਬੁਰੀ ਤਰ੍ਹਾਂ ਝੰਜੋੜ ਦੇਣਾ ਹੈ ਤੇ ਫਿਰ ਇਸ ਦਾ ਕਾਰੋਬਾਰ ਤੇ ਰੁਜ਼ਗਾਰ ਨੂੰ ਏਦਾਂ ਦਾ ਝਟਕਾ ਲੱਗਣ ਵਾਲਾ ਹੈ ਕਿ ਸੋਚ ਕੇ ਤ੍ਰਾਹ ਨਿਕਲ ਜਾਂਦਾ ਹੈ। ਛੋਟੇ ਪੱਧਰ ਦਾ ਕਾਰੋਬਾਰ ਕਰਨ ਵਾਲੇ ਬਹੁਤ ਸਾਰੇ ਲੋਕਾਂ ਲਈ ਏਨੇ ਦਿਨਾਂ ਦਾ ਲਾਕਡਾਊਨ ਜਾਂ ਕਰਫਿਊ ਏਨਾ ਮਾਰੂ ਸਾਬਤ ਹੋਣ ਵਾਲਾ ਹੈ ਕਿ ਇਸ ਦੇ ਬਾਅਦ ਉਨ੍ਹਾਂ ਕੋਲੋਂ ਆਪਣਾ ਕੰਮ ਫਿਰ ਚਲਾਇਆ ਨਹੀਂ ਜਾ ਸਕਣਾ। ਭਾਰਤ ਦੀ ਮਾਰੂਤੀ ਕਾਰ ਕੰਪਨੀ ਇਹ ਮੰਗ ਕਰਨ ਵਾਲਿਆਂ ਵਿੱਚ ਸ਼ਾਮਲ ਸੀ ਕਿ ਉਨ੍ਹਾਂ ਨੂੰ ਕੰਮ ਚਲਾਉਣ ਦੀ ਆਗਿਆ ਦਿੱਤੀ ਜਾਵੇ, ਪਰ ਜਦੋਂ ਆਗਿਆ ਮਿਲੀ ਤਾਂ ਕੰਮ ਸ਼ੁਰੂ ਨਹੀਂ ਕਰ ਸਕੀ। ਪੈਸੇ ਦੀ ਉਸ ਕੋਲ ਕਮੀ ਨਹੀਂ, ਸਗੋਂ ਇਸ ਦਾ ਕਾਰਨ ਇਹ ਹੈ ਕਿ ਉਸ ਨਾਲ ਜੁੜਦੇ ਕਈ ਕੰਮ ਨਾਲ ਦੀਆਂ ਛੋਟੀਆਂ ਪ੍ਰਾਈਵੇਟ ਕੰਪਨੀਆਂ ਤੋਂ ਕਰਵਾਏ ਜਾਂਦੇ ਹਨ ਤੇ ਉਨ੍ਹਾਂ ਦੇ ਬਣਾਏ ਪੁਰਜ਼ੇ ਮਾਰੂਤੀ ਕਾਰਾਂ ਵਿੱਚ ਫਿੱਟ ਕੀਤੇ ਜਾਂਦੇ ਹਨ। ਉਹ ਛੋਟੀਆਂ ਕੰਪਨੀਆਂ ਏਨੇ ਲੰਮੇ ਬੰਦ ਪਿੱਛੋਂ ਕਾਰੋਬਾਰ ਚਲਾਉਣ ਜੋਗੀਆਂ ਹਾਲੇ ਨਹੀਂ ਹੋਈਆਂ ਅਤੇ ਨਤੀਜੇ ਵਜੋਂ ਮਾਰੂਤੀ ਦਾ ਕੰਮ ਵੀ ਠੱਪ ਵਰਗਾ ਹੈ। ਏਦਾਂ ਦੇ ਸਾਰੇ ਕਾਰੋਬਾਰਾਂ ਦੀ ਇੱਕ ਚੇਨ ਜਿਹੀ ਹੁੰਦੀ ਹੈ, ਉਸ ਲੜੀ ਦਾ ਇੱਕ ਕੁੰਡਾ ਵੀ ਜਦੋਂ ਠੀਕ ਤਰ੍ਹਾਂ ਕੰਮ ਨਹੀਂ ਕਰਦਾ ਤਾਂ ਬਾਕੀ ਸਾਰੀ ਚੇਨ ਉਤੇ ਏਹੋ ਜਿਹਾ ਅਸਰ ਪੈਂਦਾ ਹੈ ਕਿ ਉਹ ਅੱਗੇ ਨਹੀਂ ਤੁਰ ਸਕਦੀ। ਜਿਹੜੀ ਹਾਲਤ ਮਾਰੂਤੀ ਕੰਪਨੀ ਦੀ ਮੀਡੀਏ ਵਿੱਚ ਦੱਸੀ ਜਾ ਰਹੀ ਹੈ, ਦੁਨੀਆ ਦੇ ਕਈ ਦੇਸ਼ਾਂ ਵਿੱਚੋਂ ਏਸੇ ਤਰ੍ਹਾਂ ਦੀਆਂ ਰਿਪੋਰਟਾਂ ਕਈ ਵੱਡੀਆਂ-ਵੱਡੀਆਂ ਕਾਰਪੋਰੇਸ਼ਨਾਂ ਬਾਰੇ ਪੜ੍ਹਨ ਨੂੰ ਮਿਲ ਰਹੀਆਂ ਹਨ।

ਨੱਬੇ ਕੁ ਸਾਲ ਪਹਿਲਾਂ ਜਦੋਂ ਸੰਸਾਰ ਪੱਧਰ ਦਾ ਮੰਦਾ ਆਇਆ ਸੀ ਤਾਂ ਉਸ ਦੀ ਇੱਕ ਕਹਾਣੀ ਚਰਚਿਤ ਹੋਣ ਪਿੱਛੋਂ ਅੱਜ ਤੱਕ ਸੂਝਵਾਨ ਲੋਕਾਂ ਵੱਲੋਂ ਯਾਦ ਕੀਤੀ ਜਾਂਦੀ ਹੈ। ਇੱਕ ਬੱਚਾ ਕੜਾਕੇ ਦੀ ਠੰਢ ਵਿੱਚ ਆਪਣੀ ਮਾਂ ਨੂੰ ਕਹਿੰਦਾ ਹੈ ਕਿ ਅੰਗੀਠੀ ਬਾਲ ਲਈਏ, ਪਰ ਮਾਂ ਕਹਿੰਦੀ ਹੈ ਕਿ ਸਾਡੇ ਘਰ ਕੋਲਾ ਨਹੀਂ ਹੈ। ਬੱਚਾ ਕੋਲਾ ਨਾ ਹੋਣ ਦਾ ਕਾਰਨ ਪੁੱਛਦਾ ਹੈ ਤਾਂ ਮਾਂ ਕਹਿੰਦੀ ਹੈ ਕਿ ਇਸ ਲਈ ਕਿ ਕੋਲਾ ਬਹੁਤਾ ਹੋ ਗਿਆ ਹੈ। ਬੱਚਾ ਸਮਝ ਨਹੀਂ ਸੀ ਸਕਿਆ। ਫਿਰ ਮਾਂ ਨੇ ਇਸ ਗੱਲ ਦੀ ਵਿਆਖਿਆ ਕੀਤੀ ਕਿ ਤੇਰਾ ਬਾਪ ਇੱਕ ਕੋਲੇ ਦੀ ਖਾਣ ਦਾ ਮਜ਼ਦੂਰ ਹੈ, ਉਸ ਖਾਣ ਵਿੱਚੋਂ ਕੋਲਾ ਬਹੁਤ ਜ਼ਿਆਦਾ ਕੱਢ ਲਿਆ ਜਾਣ ਪਿੱਛੋਂ ਵਿਕ ਨਹੀਂ ਰਿਹਾ ਅਤੇ ਇਸ ਲਈ ਤੇਰੇ ਬਾਪ ਨੂੰ ਕੰਮ ਨਹੀਂ ਮਿਲ ਰਿਹਾ। ਕਿਉਂਕਿ ਕੋਲਾ ਬਹੁਤਾ ਹੋਣ ਕਾਰਨ ਤੇਰੇ ਬਾਪ ਨੂੰ ਕੰਮ ਨਹੀਂ ਮਿਲਦਾ, ਇਸ ਲਈ ਘਰ ਵਿੱਚ ਪੈਸੇ ਨਹੀਂ ਤੇ ਜ਼ਿਆਦਾ ਕੋਲਾ ਕੱਢਣ ਵਾਲੇ ਸਾਡੇ ਵਰਗੇ ਮਜ਼ਦੂਰਾਂ ਦੇ ਪਰਵਾਰ ਆਪਣੀ ਅੰਗੀਠੀ ਭਖਾਉਣ ਜੋਗਾ ਕੋਲਾ ਵੀ ਨਹੀਂ ਖਰੀਦ ਸਕਦੇ।



ਓਦੋਂ ਸਥਿਤੀ ਵਧੇਰੇ ਮਾਲ ਬਣਨ ਦੇ ਬਾਅਦ ਵਿਕਰੀ ਦੇ ਮੰਦੇ ਦੀ ਸੀ, ਅੱਜ ਇਹ ਹੋ ਗਈ ਹੈ ਕਿ ਕਿਸੇ ਫੈਕਟਰੀ ਕੋਲ ਮਾਲ ਬਣਾਉਣ ਲਈ ਪਹਿਲਾਂ ਕੱਚਾ ਮਾਲ ਲੱਭਣਾ ਔਖਾ ਹੋ ਜਾਣਾ ਹੈ, ਕੱਚਾ ਮਾਲ ਮਿਲ ਗਿਆ ਤਾਂ ਅੱਗੇ ਆਮ ਆਦਮੀ ਦੀ ਖਰੀਦ ਸ਼ਕਤੀ ਏਨੀ ਨਹੀਂ ਰਹਿਣੀ ਕਿ ਉਸ ਮਾਲ ਨੂੰ ਧੜਾਧੜ ਖਰੀਦਣ ਵਾਲੇ ਗ੍ਰਾਹਕ ਭੱਜੇ ਆਉਣ। ਜਦੋਂ ਫੈਕਟਰੀਆਂ ਦਾ ਇਹ ਹਾਲ ਹੋਇਆ ਕਿ ਨਾ ਕੱਚਾ ਮਾਲ ਮਿਲਿਆ ਤੇ ਨਾ ਬਣਿਆ ਮਾਲ ਵੇਚਣ ਲਈ ਗ੍ਰਾਹਕ ਮਿਲੇ ਤਾਂ ਇਹ ਉਸ ਮੰਦੀ ਨਾਲੋਂ ਵੀ ਵੱਡੀ ਮੰਦੀ ਲਿਆਵੇਗਾ।

ਅਸੀਂ ਬਚਪਨ ਵਿੱਚ ਬਜ਼ੁਰਗਾਂ ਕੋਲੋਂ 'ਉੱਤਮ ਖੇਤੀ, ਮੱਧਮ ਵਪਾਰ, ਨਖਿਧ ਚਾਕਰੀ, ਭੀਖ ਦੁਆਰ' ਦਾ ਮੁਹਾਵਰਾ ਸੁਣਦੇ ਹੁੰਦੇ ਸਾਂ। ਫਿਰ ਹਾਲਾਤ ਬਦਲਦੇ ਗਏ। ਸਦੀਆਂ ਤੋਂ ਉੱਤਮ ਗਿਣੀ ਜਾਂਦੀ ਖੇਤੀ ਨਾਲੋਂ ਦੂਸਰੇ ਧੰਦਿਆਂ ਦਾ ਦਰਜ਼ਾ ਉੱਪਰ ਹੁੰਦਾ ਗਿਆ। ਪਹਿਲ ਸਰਕਾਰੀ ਨੌਕਰੀ ਨੂੰ ਦਿੱਤੀ ਜਾਣ ਲੱਗ ਪਈ ਤੇ ਜਿਨ੍ਹਾਂ ਦਾ ਆਪਣਾ ਕਾਰੋਬਾਰ ਸੀ, ਉਨ੍ਹਾਂ ਦੀ ਤਰੱਕੀ ਵੇਖ ਕੇ ਲੋਕ ਈਰਖਾ ਕਰਨ ਲੱਗ ਪਏ। ਹੈਸੀਅਤ ਵਿਖਾਉਣ ਦੀ ਮੁਕਾਬਲੇਬਾਜ਼ੀ ਵਿੱਚ ਕਿਸਾਨਾਂ ਦੇ ਪੁੱਤ ਵੀ ਉਨ੍ਹਾਂ ਚੀਜ਼ਾਂ ਦੀ ਖਰੀਦਾ-ਖਰਾਦੀ ਦੇ ਰਾਹ ਪੈ ਗਏ, ਜਿਨ੍ਹਾਂ ਦੇ ਬਿਨਾਂ ਸਰ ਸਕਦਾ ਸੀ ਤੇ ਇਸ ਖਿੱਚ ਦੇ ਖਿੱਚੇ ਕਿਸਾਨਾਂ ਨੂੰ ਬੈਂਕਾਂ ਵਾਲਿਆਂ ਨੇ ਇੱਕ-ਇੱਕ ਖੇਤ ਉੱਤੇ ਦੋ-ਤਿੰਨ ਥਾਂਈਂ ਕਰਜ਼ਾ ਦਿਵਾ ਕੇ ਹੋਰ ਨੀਵਾਣਾਂ ਦੇ ਰਾਹ ਪਾ ਦਿੱਤਾ। ਭਾਈਚਾਰੇ ਨਾਲ ਮਿਲ ਕੇ ਧੀਆਂ-ਭੈਣਾਂ ਦੇ ਵਿਆਹ ਕਰਨ ਦੀ ਥਾਂ ਮੈਰਿਜ ਪੈਲਿਸਾਂ ਵੱਲ ਤੁਰ ਪਏ ਅਤੇ ਮਾੜੇ ਤੋਂ ਮਾੜਾ ਕਿਸਾਨ ਵੀ ਆਪਣੇ ਨਾਲ ਪਰਵਾਸੀ ਕਾਮਾ ਰੱਖਣ ਲੱਗ ਪਿਆ। ਖੁਦਕੁਸ਼ੀਆਂ ਦੀ ਚਰਚਾ ਹੁੰਦੀ ਸੀ, ਪਰ ਕਿਸੇ ਕਿਸਾਨ ਜਥੇਬੰਦੀ ਨੇ ਇਹ ਹੋਕਾ ਨਹੀਂ ਸੀ ਦਿੱਤਾ ਕਿ ਚਾਦਰ ਵੇਖ ਕੇ ਪੈਰ ਪਸਾਰੀਏ ਤੇ ਭਾਈਚਾਰਕ ਸਾਂਝ ਦੀ ਪਿਰਤ ਫਿਰ ਆਪਣੇ ਸੱਭਿਆਚਾਰ ਦਾ ਅੰਗ ਬਣਾ ਲਈਏ ਤਾਂ ਸਾਡਾ ਬਚਾਅ ਹੋ ਸਕਦਾ ਹੈ। ਸਰਕਾਰਾਂ ਨੂੰ ਲੋਕਾਂ ਦੀ ਚਿੰਤਾ ਹੀ ਨਹੀਂ ਹੁੰਦੀ, ਹਾਕਮ ਤਾਂ ਸਿਰਫ ਰਾਜ ਕਰਨ ਲਈ ਅੱਗੇ ਆਉਂਦੇ ਹਨ ਤੇ ਆਪਣੇ ਨੇੜਲਿਆਂ ਤੇ ਚਹੇਤਿਆਂ ਨੂੰ ਮਲਾਈਦਾਰ ਅਹੁਦਿਆਂ ਦਾ ਗੱਫਾ ਵੰਡਣ ਤੋਂ ਅੱਗੇ ਵਧਣ ਦੀ ਲੋੜ ਹੀ ਘੱਟ ਸਮਝਦੇ ਹਨ। ਆਮ ਆਦਮੀ ਦਾ ਚੇਤਾ ਪੰਜ ਸਾਲਾਂ ਪਿੱਛੋਂ ਕੀਤਾ ਜਾਂਦਾ ਹੈ।

ਅਜੋਕਾ ਸਮਾਂ ਬਿਨਾਂ ਸ਼ੱਕ ਸਾਨੂੰ ਸਭ ਨੂੰ ਕੋਰੋਨਾ ਦੀ ਮਹਾਮਾਰੀ ਦਾ ਦੌਰ ਦਿੱਸਦਾ ਹੈ ਤੇ ਇਹ ਹੈ ਵੀ, ਪਰ ਇਸ ਦੇ ਨਾਲ ਜਿਹੜਾ ਅਗਲੇ ਦਿਨਾਂ ਵਿੱਚ ਆਰਥਿਕ ਮੰਦਵਾੜੇ ਤੇ ਬੇਰੁਜ਼ਗਾਰੀ ਦਾ ਦੈਂਤ ਰਾਹ ਰੋਕੀ ਖੜਾ ਦਿਖਾਈ ਦੇਂਦਾ ਹੈ, ਉਸ ਬਾਰੇ ਸੋਚਣ ਦਾ ਵੇਲਾ ਵੀ ਇਹੋ ਹੈ। ਦੁਨੀਆ ਦਾ ਤਜਰਬਾ ਦੱਸਦਾ ਹੈ ਕਿ ਜਦੋਂ ਸਾਰੇ ਰਾਹ ਬੰਦ ਹੁੰਦੇ ਦਿੱਸਦੇ ਹਨ, ਓਦੋਂ ਵੀ ਖੇਤੀ ਦਾ ਖੇਤਰ ਹਜ਼ਾਰ ਸੱਟਾਂ ਖਾਣ ਦੇ ਬਾਵਜੂਦ ਢਿੱਡ ਭਰਨ ਜੋਗਾ ਟਿਕਿਆ ਰਹਿੰਦਾ ਹੈ। ਅਸੀਂ ਅਫਗਾਨਿਸਤਾਨ ਦੀ ਵੀਹ ਤੋਂ ਵੱਧ ਸਾਲ ਰਾਤ-ਦਿਨ ਚੱਲਦੀ ਜੰਗ ਦਾ ਹਾਲ ਵੇਖਿਆ ਹੈ, ਕੋਈ ਫੈਕਟਰੀਆਂ ਚੱਲਣ ਦੀ ਖਬਰ ਨਹੀਂ ਆਉਂਦੀ, ਸਕੂਲ ਵੀ ਬੰਦ ਕੀਤੇ ਪਏ ਹਨ, ਪਰ ਏਨਾ ਲੰਮਾ ਸਮਾਂ ਓਥੋਂ ਦੇ ਪੇਂਡੂ ਲੋਕ ਆਪਣੇ ਖੇਤਾਂ ਵਿੱਚੋਂ ਲੋੜ ਜੋਗਾ ਅੰਨ ਪੈਦਾ ਕਰ ਕੇ ਜਿਊਣ ਦਾ ਜੁਗਾੜ ਕਰਦੇ ਰਹੇ ਹਨ। ਵੱਡੀਆਂ ਮਹਾਂਮਾਰੀਆਂ ਦੇ ਦੌਰ ਵਿੱਚ ਵੀ ਪਿੰਡਾਂ ਦੀ ਆਰਥਿਕਤਾ ਇਸ ਕਰ ਕੇ ਇੱਕ ਹੱਦ ਤੱਕ ਟਿਕੀ ਰਹਿੰਦੀ ਸੀ ਕਿ ਉਸ ਨੂੰ ਸ਼ਹਿਰੀ ਅਲਾਮਤਾਂ ਦੀ ਮਾਰ ਛੇਤੀ ਵਲ੍ਹੇਟੇ ਵਿੱਚ ਨਹੀਂ ਲੈ ਸਕਦੀ। ਜੰਗਲ ਨਾਲ ਜੁੜੀ ਆਦੀ ਵਾਸੀ ਆਬਾਦੀ ਦੀ ਬਹੁਤਾਤ ਵਾਲੇ ਝਾਰਖੰਡ, ਛੱਤੀਸਗੜ੍ਹ ਵਰਗੇ ਰਾਜਾਂ ਵਿੱਚ ਕੋਰੋਨਾ ਦੀ ਮਾਰ ਘੱਟ ਪੈ ਰਹੀ ਹੈ, ਖੁਸ਼ਹਾਲ ਗਿਣੇ ਜਾਂਦੇ ਮਹਾਰਾਸ਼ਟਰ ਅਤੇ ਗੁਜਰਾਤ ਵਰਗੇ ਰਾਜਾਂ ਦੀਆਂ ਸ਼ਹਿਰੀ ਬਸਤੀਆਂ ਵਿੱਚੋਂ ਮੌਤਾਂ ਅਤੇ ਚੀਕਾਂ ਦੀਆਂ ਕਹਾਣੀਆਂ ਦੀ ਗਿਣਤੀ ਕਰਨੀ ਵੀ ਔਖੀ ਹੋ ਜਾਂਦੀ ਹੈ। ਸਿਰਫ ਕੇਰਲਾ ਰਾਜ ਖੁਸ਼ਹਾਲੀ ਦੇ ਬਾਵਜੂਦ ਹਾਲੇ ਤੱਕ ਬਚਿਆ ਹੋਇਆ ਹੈ ਤਾਂ ਇਸ ਲਈ ਕਿ ਓਥੇ ਵਾਰੀ-ਵਾਰੀ ਰਾਜ ਕਰਦੀਆਂ ਦੋਵਾਂ ਮੁੱਖ ਸਿਆਸੀ ਧਿਰਾਂ ਨੇ ਵੱਖਰੀ ਕਿਸਮ ਦਾ ਮਾਹੌਲ ਬਣਾ ਰੱਖਿਆ ਹੈ, ਜਿਸ ਵਿੱਚ ਆਮ ਲੋਕ ਅਤੇ ਸਿਆਸੀ ਧਿਰਾਂ ਵਾਲੇ ਵੀ ਮੁਸ਼ਕਲਾਂ ਦੇ ਵਕਤ ਇਕੱਠੇ ਹੋ ਜਾਂਦੇ ਹਨ ਤੇ ਲੀਡਰਾਂ ਵਿੱਚ ਵੀ ਭਾਰਤ ਦੇ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਹਾਲੇ ਦੇਸ਼ ਦੇ ਪੱਧਰ ਤੱਕ ਨਹੀਂ ਪਹੁੰਚੀ। ਕੋਰੋਨਾ ਦਾ ਕਹਿਰ ਕਦੋਂ ਮੁੱਕੇਗਾ, ਇਸ ਬਾਰੇ ਅਜੇ ਤੱਕ ਦੁਨੀਆ ਦਾ ਕੋਈ ਮਾਹਰ ਹਿੱਕ ਠੋਕ ਕੇ ਦਾਅਵਾ ਕਰਨ ਦੀ ਹਿੰਮਤ ਨਹੀਂ ਕਰ ਸਕਦਾ। ਫਿਰ ਵੀ ਆਸ ਹੈ ਕਿ ਕਦੇ ਨਾ ਕਦੇ ਤਾਂ ਇਹ ਦੌਰ ਮੁੱਕੇਗਾ ਹੀ। ਆਸ਼ਾਵਾਦੀ ਲੋਕਾਂ ਦੇ ਕੋਲ ਇੱਕੋ ਜ਼ੋਰਦਾਰ ਦਲੀਲ ਹੁੰਦੀ ਹੈ ਕਿ ਸਮੇਂ ਦਾ ਚੱਕਾ ਕਦੀ ਖੜੋਂਦਾ ਨਹੀਂ, ਇਹ ਚੱਲਦਾ ਰਹਿੰਦਾ ਹੈ, ਇਸ ਲਈ ਚੰਗੇ ਦਿਨ ਨਹੀਂ ਰਹੇ ਤਾਂ ਮਾੜੇ ਵੀ ਨਹੀਂ ਰਹਿਣ ਲੱਗੇ। ਅਸੀਂ ਵੀ ਇਹ ਆਸ ਰੱਖਦੇ ਹਾਂ ਕਿ ਇਹ ਦੌਰ ਖਤਮ ਹੋ ਜਾਵੇਗਾ, ਪਰ ਕਦੋਂ ਕੁ ਤੱਕ ਹੋਵੇਗਾ, ਇਹ ਕਹਿਣਾ ਔਖਾ ਹੈ। ਜਦੋਂ ਵੀ ਇਸ ਦੌਰ ਤੋਂ ਖਹਿੜਾ ਛੁੱਟੇਗਾ, ਉਸ ਦੇ ਬਾਅਦ ਸਾਡੇ ਜੀਵਨ ਦਾ ਹਰ ਖੇਤਰ ਇਸ ਤੋਂ ਵਲੂੰਧਰਿਆ ਜਾਣ ਕਾਰਨ ਪੈਰਾਂ ਸਿਰ ਖੜੋਣ ਨੂੰ ਲੰਮਾ ਸਮਾਂ ਲਵੇਗਾ, ਪਰ ਇੱਕੋ ਕਿਸਾਨੀ ਖੇਤਰ ਹੈ, ਜਿਸ ਨਾਲ ਜੁੜੇ ਲੋਕ ਪੁਰਾਣੀ ਲੀਹ ਉੱਤੇ ਛੇਤੀ ਆ ਸਕਦੇ ਹਨ। ਇੱਕ ਵਾਰ ਫਿਰ ਸਮੇਂ ਨੇ 'ਉੱਤਮ ਖੇਤੀ' ਦੇ ਅਖਾਣ ਨੂੰ ਸੱਚਾ ਸਾਬਤ ਕਰਨ ਦੇ ਹਾਲਾਤ ਪੈਦਾ ਕਰ ਦਿੱਤੇ ਹਨ। ਇਹੀ ਵਕਤ ਹੈ ਕਿ ਸਰਕਾਰਾਂ ਨੂੰ ਅਤੇ ਸਮਾਜੀ ਜਥੇਬੰਦੀਆਂ ਨਾਲ ਜੁੜੇ ਹੋਏ ਲੋਕਾਂ ਨੂੰ ਇਸ ਖੇਤਰ ਵੱਲ ਧਿਆਨ ਦੇਣਾ ਚਾਹੀਦਾ ਹੈ। ਖੇਤੀ ਬਚਾਉਣ ਦੇ ਨਾਲ ਕਈ ਕੁਝ ਬਚ ਜਾਵੇਗਾ। ਸਾਨੂੰ ਇਸ ਦਾ ਯਕੀਨ ਹੈ ਕਿ ਅਚੇਤ ਜਾਂ ਸੁਚੇਤ ਤੌਰ ਉੱਤੇ ਇਸ ਵੇਲੇ ਇਹੋ ਸੈਕਟਰ ਮਨੁੱਖਤਾ ਦੀ ਵਾਰਸ ਬਣ ਸਕਦਾ ਹੈ।

# ਮੋਦੀ ਪ੍ਰਤਿਭਾਸ਼ਾਲੀ ਲੋਕਾਂ ਨੂੰ ਸਨਮਾਨ ਜਨਕ ਸਥਾਨ ਨਹੀਂ ਦਿੰਦੇ

-ਹਰੀ ਜੈ ਸਿੰਘ-



ਕੋਵਿਡ-19 ਸੰਕਟ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਸ਼ਾਸਨ ਦੇ ਸਾਰੇ ਪੱਧਰਾਂ 'ਤੇ ਦੇਸ਼ ਦੀ ਡਿੱਗ ਰਹੀ ਅਰਥ ਵਿਵਸਥਾ ਨੂੰ ਮੁੜ ਜ਼ਿੰਦਾ ਕਰਨ ਦਾ ਔਖਾ ਕੰਮ ਕਰਨਾ ਪੈ ਰਿਹਾ ਹੈ। ਕੋਰੋਨਾ ਵਾਇਰਸ ਤੋਂ ਪੀੜਤ ਸਿਆਸਤ ਦੀ ਬੀਮਾਰੀ ਬਾਰੇ ਅਸੀਂ ਦੇਰ ਨਾਲ ਇੱਕ ਅਗਾਂਹਵਧੂ ਭਵਿੱਖਵਾਦੀ ਰੋਡਮੈਪ ਦੀ ਹਾਜ਼ਰੀ ਵਿੱਚ ਗੰਭੀਰ ਚਿੰਤਾ ਪ੍ਰਗਟ ਕਰ ਰਹੇ ਹਾਂ। ਅਸੀਂ ਮੌਜੂਦਾ ਮੁਸ਼ਕਲ ਹਾਲਾਤਾਂ 'ਚ ਬਹਾਅ ਦੀ ਸਥਿਤੀ ਦੇਖ ਰਹੇ ਹਾਂ। ਕੋਵਿਡ-19 ਨਾਲ ਸੰਬੰਧਤ ਮੁੱਦਿਆਂ ਲਈ ਬਣੇ-ਬਣਾਏ ਹੱਲ ਨਹੀਂ ਹੋ ਸਕਦੇ। ਕਹਿਣ ਦਾ ਭਾਵ ਇਹ ਨਹੀਂ ਕਿ ਪ੍ਰਧਾਨ ਮੰਤਰੀ ਵੱਲੋਂ ਗੰਭੀਰ ਜ਼ਮੀਨੀ ਹਕੀਕਤਾਂ ਦਾ ਹੱਲ ਕੱਢਣ ਦੇ ਰਾਹ ਨਹੀਂ ਸੁਝਾਏ ਜਾ ਰਹੇ। ਬੇਸ਼ੱਕ ਦੇਸ਼ ਦੇ ਅਨੇਕਾਂ ਔਖੇ ਅਤੇ ਕੋਵਿਡ-19 ਨਾਲ ਸੰਬੰਧਤ ਮੁੱਦਿਆਂ ਲਈ ਕੋਈ ਬਣੇ-ਬਣਾਏ ਹੱਲ ਨਹੀਂ ਸਕਦੇ। ਸਿਧਾਂਤਕ ਹੱਲਾਂ ਤੋਂ ਵੱਧ ਜੋ ਜ਼ਰੂਰੀ ਹੈ, ਉਹ ਇਹ ਹੈ ਕਿ ਜ਼ਮੀਨੀ ਹਕੀਕਤਾਂ ਅਤੇ ਲੋਕਾਂ ਦੀਆਂ ਨਵੀਆਂ ਸਮੱਸਿਆਵਾਂ ਨੂੰ ਸਮਝਣ ਦੀ ਲੋੜ ਹੈ। ਮਹਾਮਾਰੀ ਦੇ ਨਤੀਜੇ ਵਜੋਂ ਸਮਾਜਿਕ ਤੇ ਆਰਥਿਕ ਵੰਡ ਨੂੰ ਪੂਰੀ ਤਰ੍ਹਾਂ ਨਾਲ ਕੰਟਰੋਲ ਕਰਨਾ ਅਧਿਕਾਰੀਆਂ ਲਈ ਵੀ ਜ਼ਰੂਰੀ ਹੈ। ਗ਼ਰੀਬੀ, ਨਾ-ਬਰਾਬਰੀ ਅਤੇ ਸਿਹਤ ਦੇਖਭਾਲ ਨਾਲ ਨਜਿੱਠਣਾ ਇਹ ਸਭ ਇੰਨਾ ਆਸਾਨ ਨਹੀਂ ਹੈ ਜਿੰਨਾ ਮਾਹਿਰ ਸਮਝਦੇ ਹਨ। ਕੇਂਦਰੀ ਅਤੇ ਰਾਜਾਂ ਦੇ ਨੇਤਾਵਾਂ ਲਈ ਇਹ ਓਨਾ ਹੀ ਮਹੱਤਵ ਪੂਰਨ ਹੈ ਕਿ ਸਮਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪ੍ਰਵਾਸੀ ਕਿਰਤੀਆਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾਵੇ ਅਤੇ ਉਨ੍ਹਾਂ ਦੀ ਅਣਦੇਖੀ ਨਾ ਕੀਤੀ ਜਾਵੇ। ਇਸ ਨਾਲ ਕਈ ਤਰ੍ਹਾਂ ਦੇ ਦੁੱਖਾਂ ਦੀ ਸ਼ੁਰੂਆਤ ਹੋ ਸਕਦੀ ਹੈ। ਮੈਨੂੰ ਅਜਿਹਾ ਕਹਿਣ ਲਈ ਮਾਫ਼ ਕਰੋ ਕਿ ਮੋਦੀ ਸਰਕਾਰ ਦੇਸ਼ ਦੇ ਲੱਖਾਂ ਪ੍ਰਵਾਸੀ ਕਿਰਤੀਆਂ ਅਤੇ ਦਰਮਿਆਨੇ ਆਕਾਰ ਦੇ ਉਦਯੋਗਾਂ, ਜੋ ਸਾਡਾ ਸਮਾਜ ਦੀ ਰੀੜ੍ਹ ਦੀ ਹੱਡੀ ਹੈ, ਉਨ੍ਹਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਸੁਸਤ ਦਿਖਾਈ ਦੇ ਰਹੀ ਹੈ।

ਕੋਰੋਨਾ ਵਾਇਰਸ ਸੰਕਟ ਤੋਂ ਪਹਿਲਾਂ ਭਾਰਤ ਵੱਧਦੀ ਬੇਰੋਜ਼ਗਾਰੀ ਤੇ ਡਿੱਗਦੀ ਅਰਥ ਵਿਵਸਥਾ ਦੀ ਜਕੜ ਵਿੱਚ ਸੀ। ਪ੍ਰਵਾਸੀ ਕਾਮਿਆਂ ਦੀ ਚਿੰਤਾ ਨਾ ਸਿਰਫ ਉਨ੍ਹਾਂ ਦੀ ਘਰ ਵਾਪਸੀ 'ਚ ਦੇਰੀ ਦੀ ਹੈ, ਸਗੋਂ ਉਨ੍ਹਾਂ ਦੇ ਰੋਜ਼ਗਾਰ ਦੇ ਖੁੱਸਣ ਦੀ ਵੀ ਹੈ। ਅਧਿਕਾਰੀਆਂ ਨੂੰ ਲਗਾਤਾਰ ਨਿਗਾਹ ਰੱਖਦੇ ਹੋਏ ਅਰਥ ਵਿਵਸਥਾ ਨੂੰ ਮੁੜ ਜ਼ਿੰਦਾ ਕਰਨ ਲਈ ਅਜਿਹੇ ਲੋਕਾਂ ਦੀਆਂ ਸਮੱਸਿਆਵਾਂ 'ਤੇ ਧਿਆਨ ਦੇਣਾ ਹੋਵੇਗਾ। ਉਨ੍ਹਾਂ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਹੋਵੇਗਾ ਕਿ ਕੋਰੋਨਾ ਵਾਇਰਸ ਸੰਕਟ ਤੋਂ ਪਹਿਲਾਂ ਭਾਰਤ ਵੱਧਦੀ ਬੇਰੋਜ਼ਗਾਰੀ ਅਤੇ ਡਿੱਗਦੀ ਅਰਥ ਵਿਵਸਥਾ ਦੀ ਜਕੜ 'ਚ ਸੀ।

ਪ੍ਰਸਿੱਧ ਅਰਥ ਸ਼ਾਸਤਰੀ ਤੇ ਭਾਜਪਾ ਦੇ ਪਾਰਲੀਮੈਂਟ ਮੈਂਬਰ ਸੁਬਰਾਮਣੀਅਮ ਸਵਾਮੀ ਦੇ ਅਨੁਸਾਰ ਭਾਰਤੀ ਅਰਥ ਵਿਵਸਥਾ ਨੂੰ ਪੂਰੀ ਤਰ੍ਹਾਂ ਮੁੜ ਜ਼ਿੰਦਾ ਕਰਨ ਲਈ ਅੱਠ ਟ੍ਰਿਲੀਅਨ ਰੁਪਏ ਦੇ ਉਤਸ਼ਾਹਤ ਪੈਕੇਜ ਦੀ ਲੋੜ ਹੋਵੇਗੀ। ਇਸ ਦਾ ਜ਼ਿਕਰ ਉਨ੍ਹਾਂ ਨੇ 'ਦਿ ਸੰਡੇ ਗਾਰਜੀਅਨ' ਵਿੱਚ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਗ਼ਰੀਬਾਂ ਲਈ ਵਿਸ਼ੇਸ਼ ਰਾਸ਼ਟਰੀ ਰਾਹਤ ਪੈਕੇਜ ਦੀ ਲੋੜ ਹੈ। ਮੈਂ ਉਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹਾਂ।

ਗ਼ਰੀਬੀ ਤੋਂ ਹੇਠਲੇ ਭਾਰਤੀਆਂ ਦੀ ਗਿਣਤੀ ਦਾ ਡਾਟਾ 27 ਕਰੋੜ (ਆਬਾਦੀ ਦਾ 22 ਫ਼ੀਸਦੀ) ਹੈ ਅਤੇ ਇਹ 30 ਕਰੋੜ ਤੋਂ ਵੱਧ ਹੋ ਸਕਦਾ ਹੈ। ਸੁਬਰਾਮਣੀਅਮ ਸਵਾਮੀ ਦਾ ਕਹਿਣਾ ਸਹੀ ਹੈ ਕਿ ਸਾਨੂੰ ਰਵਾਇਤੀ ਵਿੱਤ ਮੰਤਰੀ ਦੀ ਸੋਚ ਤੋਂ ਬਾਹਰ ਨਿਕਲਣਾ ਹੋਵੇਗਾ, ਜੋ ਦੁਕਾਨਦਾਰ ਦੇ ਵਿੱਤੀ ਲੇਖੇ-ਜੋਖੇ ਦੇ ਉਪਾਵਾਂ ਨੂੰ ਦੇਖਦੀ ਹੈ ਕਿ ਸਾਡੇ ਕੋਲ ਕਿੰਨਾ ਹੈ ਤੇ ਹਮੇਸ਼ਾ ਵਿਰਲਾਪ ਕਰਦੀ ਅਤੇ ਕੁਰਲਾਉਂਦੀ ਰਹਿੰਦੀ ਹੈ। ਇਸ ਦੇ ਉਲਟ ਸਾਨੂੰ ਮਾਈਕਰੋ ਇਕੋਨਾਮਿਕ ਵਿਸ਼ਲੇਸ਼ਕਾਂ ਦੀ ਤਰ੍ਹਾਂ ਸੋਚਣ ਦੀ ਲੋੜ ਹੈ ਕਿ ਸਾਨੂੰ ਅਰਥ ਵਿਵਸਥਾ ਨੂੰ ਚਲਾਉਣ ਲਈ ਕਿੰਨੀ ਲੋੜ ਹੈ ਅਤੇ ਇਸ ਨੂੰ ਲੱਭਣ ਲਈ ਕਿਥੇ ਜਾਣਾ ਹੈ। ਸਵਾਮੀ ਦੇ ਕੋਲ ਇੱਕ ਸ਼ਾਨਦਾਰ ਦਿਮਾਗ ਹੈ ਅਤੇ ਮੈਨੂੰ ਅਕਸਰ ਹੈਰਾਨੀ ਹੁੰਦੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਇਸ ਦੀ ਵਰਤੋਂ ਕਿਉਂ ਨਹੀਂ ਕੀਤੀ। ਮੋਦੀ ਨੂੰ ਸਵਾਮੀ ਦੀਆਂ ਆਰਥਿਕ ਤੇ ਵਿੱਤੀ ਖੇਤਰਾਂ 'ਚ ਸੇਵਾਵਾਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ ਜਿਸ 'ਚ ਉਨ੍ਹਾਂ ਨੂੰ ਮਹਾਰਤ ਹਾਸਲ ਹੈ।

ਇਹ ਅਫ਼ਸੋਸ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਮੋਦੀ ਅੱਜ ਵੀ ਸੁਬਰਾਮਨੀਅਨ ਸਵਾਮੀ ਵਰਗੇ ਪ੍ਰਤਿਭਾਸ਼ਾਲੀ ਲੋਕਾਂ ਨੂੰ ਸਨਮਾਨ ਜਨਕ ਸਥਾਨ ਨਹੀਂ ਦਿੰਦੇ। ਅਰਥ ਵਿਵਸਥਾ ਅਤੇ ਵਿੱਤ ਦੇ ਮੁਸ਼ਕਲ ਖੇਤਰਾਂ ਦੇ ਸ਼ਾਸਨ 'ਚ ਸਵਾਮੀ ਦੀ ਲੋੜ ਹੈ। ਪ੍ਰਧਾਨ ਮੰਤਰੀ ਨੂੰ ਮਹਿਸੂਸ ਕਰਨਾ ਚਾਹੀਦਾ ਹੈ ਕਿ ਸ਼ਾਸਨ ਦਾ ਇੱਕ ਕੇਂਦਰੀਕ੍ਰਿਤ ਤੰਤਰ, ਜਿਸ 'ਚ ਔਸਤ ਦਰਜੇ ਦੇ ਲੋਕ ਸ਼ਾਮਲ ਹਨ, ਫ਼ੈਸਲਾ ਲੈਣ ਲਈ ਚੰਗਾ ਨਹੀਂ। ਮੋਦੀ ਨੂੰ ਰਾਸ਼ਟਰ ਦੀ ਬਿਹਤਰੀ ਲਈ ਪ੍ਰਤਿਭਾਵਾਨ ਮਾਹਿਰਾਂ ਨੂੰ ਲੱਭਣਾ ਪਵੇਗਾ। ਸਾਡੇ ਸਾਹਮਣੇ ਕਰੋੜਾਂ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਅਰਥ ਵਿਵਸਥਾ ਨੂੰ ਮੁੜ ਜ਼ਿੰਦਾ ਕਰਨ ਦੀ ਇੱਕ ਬਹੁਤ ਵੱਡੀ ਚੁਣੌਤੀ ਹੈ ਕਿ ਆਪਣੇ ਸਮਾਜਿਕ ਅਤੇ ਆਰਥਿਕ ਟੀਚਿਆਂ ਨੂੰ ਅਸਲੀਅਤ 'ਚ ਕਿਵੇਂ ਬਦਲਿਆਂ ਜਾਵੇ। ਸਾਡੇ ਵਰਗੇ ਸੰਗਠਿਤ ਅਤੇ ਅੱਗੇ ਵੱਲ ਵਧਣ ਵਾਲੇ ਰਾਸ਼ਟਰੀ ਸਮਾਜ ਦੇ ਤਾਣੇ-ਬਾਣੇ ਨੂੰ ਫਿਰ ਬਣਾਉਣ ਤੇ ਉਸ ਨੂੰ ਬਹਾਲ ਕਰਨ ਦੇ ਕੰਮ 'ਚ ਸਿਆਸਤ ਨਹੀਂ ਹੋਣੀ ਚਾਹੀਦੀ। ਪਹਿਲ ਦੇ ਆਧਰ 'ਤੇ ਦੇਸ਼ ਨੂੰ ਜਿਸ ਚੀਜ਼ ਦੀ ਲੋੜ ਹੈ ਉਹ ਸਿਹਤ ਸੰਬੰਧੀ ਦੇਖਭਾਲ, ਭੋਜਨ ਦੀ ਵਰਤੋਂ, ਅਸੀਂ ਜੋ ਖਾਂਦੇ ਹਾਂ, ਉਸ ਦਾ ਪੋਸ਼ਣ ਮੁੱਲ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਦੀ ਹੈ। ਦਿਹਾਤੀ ਅਤੇ ਸ਼ਹਿਰੀ ਦੋਵਾਂ ਖੇਤਰਾਂ 'ਚ ਸਾਨੂੰ ਬਹੁ-ਮੰਤਵੀ ਕੰਮ ਕਰਨਾ ਹੋਵੇਗਾ ਅਤੇ ਲੋਕਾਂ ਤੇ ਅਰਥ ਵਿਵਸਥਾ ਦੇ ਸਾਹਮਣੇ ਵੱਖ-ਵੱਖ ਚੁਣੌਤੀਆਂ ਦਾ ਸਾਹਮਣਾ ਕਰਨਾ ਹੋਵੇਗਾ।

ਲਾਕਡਾਊਨ ਦੇ ਤੀਜੇ ਪੜਾਅ 'ਚ ਭਾਰਤੀ ਉਦਯੋਗ ਐਸੋਸੀਏਸ਼ਨ (ਸੀ ਆਈ ਆਈ) ਸੁਝਾਅ ਦੇਂਦਾ ਹੈ ਕਿ ਦੇਸ਼ ਦੇ ਉਚ ਪ੍ਰਦਰਸ਼ਨ ਵਾਲੇ ਆਰਥਿਕ ਜ਼ਿਲ੍ਹਿਆਂ (100 ਤੋਂ 150) ਨੂੰ ਵੱਖ-ਵੱਖ ਨਿਯਮਾਂ ਹੇਠ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਇਹ ਵਧੀਆਂ ਵਿਚਾਰ ਹੈ ਅਤੇ ਮੈਨੂੰ ਉਮੀਦ ਹੈ ਕਿ ਮੋਦੀ ਸਰਕਾਰ ਸੀ ਆਈ ਆਈ ਦੇ ਸੁਝਾਵਾਂ ਨੂੰ ਦੇਸ਼ ਦੀਆਂ ਉਦਯੋਗਿਕ ਸਰਗਰਮੀਆਂ ਨੂੰ ਮੁੜ ਜ਼ਿੰਦਾ ਕਰਨ ਲਈ ਮੰਨੇਗੀ, ਜੇ ਸਾਰੇ ਪੱਧਰਾਂ 'ਤੇ ਜ਼ਰੂਰੀ ਹੈ। ਇੱਕ ਨਵੀਂ ਸਾਮਾਜਿਕ, ਆਰਥਿਕ ਰਣਨੀਤੀ ਤੋਂ ਇਲਾਵਾ ਜੋ ਦੇਸ਼ ਨੂੰ ਚੰਗੀ ਤਰ੍ਹਾਂ ਇੱਕ ਨਵੀਂ ਲੋੜ ਹੈ, ਉਹ ਸਾਰੇ ਪੱਧਰਾਂ 'ਤੇ ਪ੍ਰਬੰਧਨ ਜਵਾਬਦੇਹੀ ਦੀ ਹੈ। ਆਰਥਿਕ ਪੁਨਰ ਦੁਆਰ ਦੀ ਪੂੰਜੀ ਪ੍ਰਸ਼ਾਸਨਿਕਸ ਪ੍ਰਬੰਧਨ ਦੀ ਗੁਣਵੱਤਾ ਹੈ, ਫਿਰ ਭਾਵੇਂ ਇਹ ਸੂਬਾ ਉਦਮ ਹੋਵੇ ਜਾਂ ਇੱਕ ਨਿੱਜੀ ਅਦਾਰਾ। ਇਸ ਲਈ ਭਾਰਤ ਦੀਆਂ ਕੋਵਿਡ-19 ਪਿੱਛੋਂ ਕਈ ਪ੍ਰੇਸ਼ਾਨੀਆਂ ਦਾ ਜਵਾਬ ਨਵੀਆਂ ਧਾਰਨਾਵਾਂ 'ਚ ਲੁਕਿਆ ਹੈ, ਜੋ ਉਦਾਰਵਾਦੀ ਅਤੇ ਦੂਰਅੰਦੇਸ਼ੀ ਚਾਹੀਦੀ ਹੈ। ਇਸ ਦੇ ਨਾਲ ਸਰਕਾਰ ਗ਼ਰੀਬਾਂ ਤੇ ਵਾਂਝਿਆਂ ਦੀ ਭਲਾਈ ਲਈ ਪ੍ਰਤੀਬੱਧ ਹੋਵੇ। ਵੱਡੇ ਪੱਧਰ 'ਤੇ ਭਾਰਤ ਨੂੰ ਖੇਤੀ, ਲਘੂ ਅਤੇ ਦਰਮਿਆਨੇ ਆਕਾਰ ਦੇ ਉਦਯੋਗਾਂ ਲਈ ਨਵੀਆਂ ਨੀਤੀਆਂ ਅਤੇ ਰਣਨੀਤੀਆਂ ਦੇ ਵਿਕਸਿਤ ਕਰਨ ਦੀ ਹੈ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਮੋੜ 'ਤੇ ਅਸੀਂ ਜੋ ਵੀ ਬਦਲਾਅ ਕਰਾਂਗੇ ਉਹ ਆਮ ਲੋਕ ਕੀ ਚਾਹੁੰਦੇ ਹਨ, ਉਸ ਨੂੰ ਧਿਆਨ 'ਚ ਰੱਖ ਕੇ ਕਰਾਂਗੇ।

ਅਸਲ 'ਚ ਨਵਾਂ ਸੌਦਾ ਤਿਆਰ ਕਰਨ ਦੀ ਕਵਾਇਦ ਵੱਡੇ ਪੈਮਾਨੇ 'ਤੇ ਹੈ। ਸਾਡੇ ਨੇਤਾ ਇਸ ਦਾ ਸੌਖਾ ਤੱਥ ਯਾਦ ਰੱਖਣ ਕਿ ਦੇਸ਼ ਦੇ ਲੋਕਾਂ ਲਈ ਕੀ ਚੰਗਾ ਹੈ ਅਤੇ ਉਹ ਉਨ੍ਹਾਂ ਲਈ ਕੀ ਕਰ ਸਕਦੇ ਹਨ। ਪਹਿਲਕਦਮੀਆਂ ਦਾ ਇੱਕ ਨੁਕਸਦਾਰ ਸਮੂਹ ਆਮ ਲੋਕਾਂ ਦੀ ਜੀਵਨ ਦੇ ਮੁੱਢਲੀਆਂ ਚੀਜ਼ਾਂ ਦੇ ਸੁਪਨਿਆਂ ਨੂੰ ਚਕਨਾਚੂਰ ਕਰ ਦੇਵੇਗਾ।

# ਜੱਗ ਜਿਊਂਦਿਆਂ ਦੇ ਮੇਲੇ

-ਡਾਕਟਰ ਗੋਬਿੰਦ ਸਿੰਘ

ਜ਼ਿੰਦਗੀ ਰੱਬ ਦੀ ਵੱਡਮੁੱਲੀ ਦਾਤ ਹੈ ਤੇ ਇਸ ਦੀ ਹੋਂਦ ਉਦੋਂ ਤੱਕ ਹੈ, ਜਦੋਂ ਤੱਕ ਇਨਸਾਨ ਦੀ ਛਾਤੀ ਵਿੱਚ ਦਿਲ ਧੜਕਦਾ ਤੇ ਅੱਖਾਂ ਵਿੱਚ ਰੰਗੀਨ ਸੁਫਨੇ ਸਜਾਏ ਹੁੰਦੇ ਹਨ। ਚਾਵਾਂ-ਸੱਧਰਾਂ ਤੇ ਮੁਹੱਬਤ ਨਾਲ ਭਰਪੂਰ ਜ਼ਿੰਦਗੀ ਹੀ ਜੀਵਨ ਦੇ ਸਾਰੇ ਰੰਗ ਮਾਣਨ ਦੀ ਸਮਰੱਥਾ ਰੱਖਦੀ ਹੈ। ਵਕਤ ਬੜੀ ਰਫਤਾਰ ਨਾਲ ਦੌੜਦਾ ਹੈ ਤੇ ਇਨਸਾਨ ਜ਼ਿੰਦਗੀ ਦੀ ਘੜੀ ਦੀ ਟਿੱਕ-ਟਿੱਕ ਨਾਲ ਆਪਣੀ ਅਖੀਰਲੀ ਮੰਜ਼ਿਲ ਵੱਲ ਵਧ ਰਿਹਾ ਹੈ। ਨਿੱਕੇ-ਨਿੱਕੇ ਕੰਮਾਂ ਅਤੇ ਰੁਝੇਵਿਆਂ ਵਿੱਚ ਇਨਸਾਨ ਦਾ ਜੀਵਨ ਬੜੀ ਤੇਜ਼ੀ ਨਾਲ ਗੁਜ਼ਰ ਜਾਂਦਾ ਹੈ। ਬਚਪਨ, ਜਵਾਨੀ, ਪੜ੍ਹਾਈ, ਨੌਕਰੀ, ਵਿਆਹ ਤੇ ਬੱਚਿਆਂ ਦੀ ਸਿਖਿਆ ਵਿੱਚ ਉਲਝੀ ਜ਼ਿੰਦਗੀ ਅੱਖ ਦੇ ਫੋਰ ਨਾਲ ਅੱਧੀ ਸਦੀ ਦਾ ਸਫਰ ਤੈਅ ਕਰ ਲੈਂਦੀ ਹੈ। ਫਿਰ ਪੰਜਾਹਵਿਆਂ ਤੋਂ ਬਾਅਦ ਬੱਚਿਆਂ ਦੇ ਵਿਆਹ-ਸ਼ਾਦੀਆਂ ਤੇ ਫਿਰ ਸੇਵਾਮੁਕਤੀ ਤੇ ਬੁਢਾਪੇ ਦੀ ਚਿੰਤਾ ਆ ਘੇਰਦੀ ਹੈ। ਉਮਰ ਦੇ ਇਸ ਓਬੜ-ਖਾਬੜ ਰਸਤੇ ਤੋਂ ਲੰਘੀ ਜ਼ਿੰਦਗੀ ਜਦੋਂ ਜਰਨੈਲੀ ਸੜਕ 'ਤੇ ਚੜ੍ਹਦੀ ਹੈ ਤਾਂ ਅਸਲ ਰਮਜ਼ ਪਤਾ ਲੱਗਦੀ ਹੈ ਕਿ ਇਸ ਦੀ ਆਪਣੀ ਕੋਈ ਮੰਜ਼ਿਲ ਹੀ ਨਹੀਂ, ਇੱਕ ਸਫਰ ਸੀ ਜਿਸ ਨੇ ਵੀ ਇਸ ਸਫਰ ਨੂੰ ਸੰਵਾਰਿਆ ਅਤੇ ਮਾਣਿਆ ਹੈ ਉਸ ਦੀ ਜ਼ਿੰਦਗੀ ਫੁੱਲਾਂ ਦੀ ਤਰ੍ਹਾਂ ਮਹਿਕਾਂ ਬਿਖੇਰਦੀ ਹੈ। ਇਹ ਭੇਦ ਫੁੱਲਾਂ ਕੋਲੋਂ ਸਿੱਖਣ ਦੀ ਲੋੜ ਹੈ ਜਿਨ੍ਹਾਂ ਦਾ ਜੀਵਨ ਬਿਲਕੁਲ ਛੋਟਾ, ਪਰ ਖੁਸ਼ੀਆਂ ਤੇ ਮਹਿਕਾਂ ਭਰਪੂਰ ਹੁੰਦਾ ਹੈ। ਉਚੀਆਂ ਪਦਵੀਆਂ, ਵੱਡੇ ਰੁਤਬੇ, ਦਿਲਕਸ਼ ਘਰ, ਵਧੇਰੇ ਲੋਕ ਬੈਂਕ ਬੈਲੇਂਸ ਤੇ ਵੱਡੀਆਂ-ਵੱਡੀਆਂ ਕਾਰਾਂ ਜ਼ਿੰਦਗੀ ਦਾ ਅਸਲ ਮਾਪਦੰਡ ਨਹੀਂ ਹੁੰਦੇ। ਇਹ ਸਿਰਫ ਜ਼ਿੰਦਗੀ ਵਿੱਚ ਰੰਗ ਭਰਦੇ ਹਨ।

ਦਰਅਸਲ ਜ਼ਿੰਦਗੀ ਤਾਂ ਜ਼ਿੰਦਾਦਿਲੀ ਦਾ ਨਾਂਅ ਹੈ। ਮੇਰੇ ਅੱਖੀਂ ਦੇਖਦਿਆਂ-ਦੇਖਦਿਆਂ ਅਜਿਹੀਆਂ ਜ਼ਿੰਦਗੀਆਂ ਇਸ ਰੰਗਲੀ ਦੁਨੀਆ ਤੋਂ ਰੁਖ਼ਸਤ ਹੋ ਗਈਆਂ, ਜਿਨ੍ਹਾਂ ਕੋਲ ਧਨ-ਦੌਲਤ ਤੇ ਪ੍ਰਸਿੱਧੀ ਦੇ ਬਾਵਜੂਦ ਉਹ ਆਪਣੀ ਹੋਂਦ ਬਣਾਉਣ ਵਿੱਚ ਨਾਕਾਮ ਰਹੀਆਂ। ਦੂਜੇ ਪਾਸੇ ਗੁਰਬਤ 'ਚ ਰਹਿੰਦਿਆਂ ਵੀ ਕੁਝ ਯਾਰਾਂ ਨੇ ਜ਼ਿੰਦਗੀ ਦੇ ਇਸ ਸਫਰ ਨੂੰ ਇਸ ਧਰਤੀ 'ਤੇ ਸਾਕਾਰ ਕੀਤਾ ਹੈ। ਲੋਕ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਆਪਣੇ ਬੱਚਿਆਂ ਨੂੰ ਉਚੀਆਂ ਟੀਸੀਆਂ 'ਤੇ ਪੁਚਾਉਣ ਉੱਤੇ ਲਾ ਦਿੰਦੇ ਹਨ ਜਦੋਂ ਕਿ ਬੱਚਿਆਂ ਨੂੰ ਅਸਲ ਵਿੱਚ ਇਸ ਦੀ ਜ਼ਰੂਰਤ ਨਹੀਂ ਹੁੰਦੀ। ਉਨ੍ਹਾਂ ਨੂੰ ਰੁਤਬੇ ਤੇ ਅਮੀਰੀ ਦੇ ਪੈਂਤੜੇ ਸਮਝਾਉਣ ਬਿਨਾਂ ਖੁਸ਼ਹਾਲ ਜ਼ਿੰਦਗੀ ਜਿਊਣ ਬਾਰੇ ਸੇਧ ਦੀ ਲੋੜ ਹੁੰਦੀ ਹੈ। ਖੁਸ਼ੀਆਂ ਦੀ ਬਦੌਲਤ ਇਹ ਰੰਗਲੀ ਦੁਨੀਆ ਸੁੰਦਰ ਦਿਖਾਈ ਦਿੰਦੀ ਹੈ। ਖੁਸ਼ੀਆਂ ਤੇ ਚੰਗੀ ਸਿਹਤ ਦਾ ਆਪੋ ਵਿੱਚ ਗੂੜ੍ਹਾ ਸੰਬੰਧ ਹੈ। ਇਨ੍ਹਾਂ ਨਾਲ ਮਨੁੱਖੀ ਰਿਸ਼ਤਿਆਂ ਦਾ ਨਿੱਘ ਮਾਣਦੇ ਹੋਏ ਇਸ ਜੱਗ ਵਾਲੀ ਬਾਜ਼ੀ ਨੂੰ ਜਿੱਤਿਆ ਜਾ ਸਕਦਾ ਹੈ। ਸੰਗਠਿਤ ਅਤੇ ਖੁਸ਼ਹਾਲ ਜ਼ਿੰਦਗੀ ਇਨਸਾਨ ਨੂੰ ਜੀਵਨ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਅਤੇ ਚੁਣੌਤੀਆਂ ਨੂੰ ਸੁਚੱਜੇ ਢੰਗ ਨਾਲ ਨਜਿੱਠਣ ਵਿੱਚ ਮਦਦ ਕਰਦੀ ਹੈ। ਚਿੰਤਾ, ਭੈਅ, ਗੁੱਸਾ ਤੇ ਈਰਖਾ ਜਿੱਥੇ ਜੀਵਨ ਦੇ ਰਸ ਨੂੰ ਫਿੱਕਾ ਕਰਦੇ ਹਨ, ਉਥੇ ਸਮੇਂ ਦੀ ਬਰਬਾਦੀ ਵੀ ਕਰਦੇ ਹਨ।

ਇਨਸਾਨ ਹਮੇਸ਼ਾ ਦੂਜਿਆਂ ਨੂੰ ਖੁਸ਼ ਰੱਖਣ ਦਾ ਯਤਨ ਕਰਦਾ ਹੈ, ਜੋ ਉਸ ਦੀ ਜ਼ਿੰਦਗੀ ਲਈ ਖਤਰਨਾਕ ਸਾਬਤ ਹੈ। ਜੋ ਚੀਜ਼ਾਂ ਮਨੁੱਖ ਦੇ ਹੱਥ ਵੱਸ ਨਹੀਂ ਹੁੰਦੀਆਂ, ਉਨ੍ਹਾਂ ਪਿੱਛੇ ਨਹੀਂ ਭੱਜਣਾ ਚਾਹੀਦਾ। ਵਰਨਾ ਨਿਰਾਸ਼ਾ ਪੱਲੇ ਪਵੇਗੀ। ਸਮਝਦਾਰੀ ਇਸ ਵਿੱਚ ਹੈ ਕਿ ਜ਼ਿੰਦਗੀ ਨੂੰ ਆਪਣੀ ਚਾਲ ਤੁਰਨ ਦੇਈਏ। ਜ਼ਰੂਰਤ ਹੈ ਯਥਾਰਥ ਨਾਲ ਇਕਸਾਰ ਹੋਣ ਦੀ। ਇਹ ਸਮਝਣ ਦੀ ਕਿ ਧੀਰਜ, ਸਹਿਜ ਅਤੇ ਸੰਤੋਖ ਖੁਸ਼ਹਾਲ ਜ਼ਿੰਦਗੀ ਦੇ ਗਹਿਣੇ ਹਨ। ਪਹਾੜਾਂ, ਚਸ਼ਮਿਆਂ, ਨਦੀਆਂ, ਨਾਲਿਆਂ, ਧਰਤੀ ਤੇ ਅਸਮਾਨ ਵਿੱਚ ਕੁਦਰਤ ਨੇ ਰੱਜ ਕੇ ਖੂਬਸੂਰਤੀ ਭਰੀ ਹੈ। ਲੋੜ ਹੈ ਇਸ ਨੂੰ ਫਰੋਲਣ ਦੀ ਤੇ ਇਸ ਦੇ ਦਿਲਕਸ਼ ਨਜ਼ਾਰੇ ਮਾਣਨ ਦੀ। ਨਵੀਆਂ ਥਾਵਾਂ ਦੀ ਸੈਰ ਹਰ ਕਿਸੇ ਦੇ ਦਿਲੋ-ਦਿਮਾਗ ਨੂੰ ਬਾਗੋ-ਬਾਗ ਕਰ ਦਿੰਦੀ ਹੈ ਅਤੇ ਇਨਸਾਨ ਦੇ ਜ਼ਿਹਨ 'ਚੋਂ ਖੁਸ਼ੀ ਛੱਲਾਂ ਮਾਰ-ਮਾਰ ਕੇ ਡੁੱਲ੍ਹਦੀ ਹੈ, ਪਰ ਇਸ ਸਭ ਵਾਸਤੇ ਸਮੇਂ ਦੀ ਜ਼ਰੂਰਤ ਹੈ ਅਤੇ ਸਮਾਂ ਧਨ ਦੀ ਕੁਰਬਾਨੀ ਨਾਲ ਹੀ ਮਿਲਦਾ ਹੈ। ਇਹੀ ਕਾਰਨ ਹੈ ਕਿ ਪੱਛਮੀ ਦੇਸ਼ਾਂ ਦੇ ਸਭਿਅਕ ਵਸਨੀਕ ਸਿਰਫ ਪੰਜ ਦਿਨ ਕੰਮ ਕਰਕੇ ਹਫਤੇ ਦੇ ਪਿਛਲੇ ਦੋ ਦਿਨ ਜ਼ਿੰਦਗੀ ਦਾ ਖੂਬ ਆਨੰਦ ਮਾਣਦੇ ਹਨ। ਉਨ੍ਹਾਂ ਨੂੰ ਸੋਝੀ ਹੈ ਕਿ ਜੱਗ ਵਾਲਾ ਮੇਲਾ ਦੌਲਤ ਨਾਲ ਨਹੀਂ, ਸਮਾਂ ਕੱਢ ਕੇ ਵਕਤੀ ਖੁਸ਼ੀਆਂ ਸਾਂਝੀਆਂ ਕਰਨ ਨਾਲ ਦੇਖਿਆ ਜਾ ਸਕਦਾ ਹੈ। ਸ਼ਿਕਵੇ ਤੇ ਸ਼ਿਕਾਇਤਾਂ ਨੂੰ ਦੂਰ ਕਰ ਕੇ ਪਿਆਰ ਦਾ ਨਿੱਘ ਜ਼ਿੰਦਗੀ 'ਚ ਸੁੱਤੇ ਪਏ ਜਜ਼ਬਿਆਂ ਨੂੰ ਚੰਗਿਆੜੀ ਦੇ ਕੇ ਨਵੀਂ ਰੂਹ ਭਰਦਾ ਹੈ।

ਪੰਜਾਬੀ ਗਾਇਕ ਹਰਭਜਨ ਮਾਨ ਨੇ ਸੱਚ ਹੀ ਤਾਂ ਗਾਇਆ ਹੈ :

'ਸ਼ਿਕਵੇ ਸ਼ਿਕਾਇਤਾਂ ਨਾਲ ਦੱਬ ਲਿਆ ਪਿਆਰ ਨੂੰ
ਭੁੱਲ ਗਇਓਂ ਸੋਹਣਿਆ ਕਿਉਂ ਦਿਲਾਂ ਦੇ ਵਪਾਰ ਨੂੰ
ਹੱਥਾਂ ਦੀ ਏ ਮੈਲ ਧੰਮੀ ਛੱਡ ਪੈਸੇ ਧੇਲੇ।
ਆ ਸੋਹਣਿਆ ਵੇ ਜੱਗ ਜਿਊਂਦਿਆਂ ਦੇ ਮੇਲੇ।'

ਅਜੇ ਵੀ ਵਕਤ ਹੈ ਕਿ ਇਨਸਾਨ ਆਪਣੀ ਰਹਿੰਦੀ ਜ਼ਿੰਦਗੀ ਨੂੰ ਕੁਦਰਤ ਨਾਲ ਸਾਂਝ ਪਾ ਕੇ ਇੱਕ ਨਵਾਂ ਨਾਦ ਪੈਦਾ ਕਰਦਾ ਹੋਇਆ ਉਸ ਨੂੰ ਫੁੱਲਾਂ ਦੀ ਸੇਜ ਬਣਾ ਸਕਦਾ ਹੈ। ਸੰਸਾਰ ਵਿੱਚ ਅਨੇਕਾਂ ਮਹਾਨ ਸ਼ਖਸ਼ੀਅਤਾਂ ਨੇ ਬੁਢਾਪੇ ਵਿੱਚ ਜ਼ਿੰਦਗੀ ਨੂੰ ਨਵੇਂ ਅਰਥ ਦਿੱਤੇ ਹਨ। ਲੋੜ ਹੈ ਦਸ਼ਾ ਅਤੇ ਦਿਸ਼ਾ ਨੂੰ ਬਦਲਣ ਅਤੇ ਜ਼ਿੰਦਗੀ ਨੂੰ ਮੁੜ ਸੁਰਜੀਤ ਕਰਨ ਦੀ। ਅੱਧਖੜ ਉਮਰ ਨੂੰ ਰੰਗੀਨ ਸੁਫਨੇ ਅਤੇ ਜੋਸ਼ ਦੇ ਨਵੇਂ ਖੰਭ ਲਾ ਕੇ ਜਵਾਨੀ ਜਿੰਨੀ ਖੂਬਸੂਰਤ ਬਣਾਇਆ ਜਾ ਸਕਦਾ ਹੈ। ਜਵਾਨੀ ਦੀ ਕੀਤੀ ਮਿਹਨਤ ਦੀ ਕਮਾਈ ਉਮਰ ਦੇ ਇਸ ਪੜਾਅ ਉਤੇ ਆਪਣੇ 'ਤੇ ਖਰਚ ਕਰਨੀ ਚਾਹੀਦੀ ਹੈ। ਜਵਾਨੀ ਵਿੱਚ ਸਜਾਏ ਸੁਫਨੇ ਵਕਤ ਦੇ ਤਜਰਬਿਆਂ ਨਾਲ ਸੁਖਾਲੇ ਬੁਣੇ ਜਾ ਸਕਦੇ ਹਨ, ਕਿਉਂਕਿ ਜ਼ਿੰਦਗੀ ਦੀ ਬਾਜ਼ੀ ਮਾਰਨ ਲਈ ਵਕਤੀ ਤਜਰਬੇ ਇਨਸਾਨ ਦਾ ਸਹੀ ਮਾਰਗ ਦਰਸ਼ਨ ਕਰਦੇ ਹਨ। ਲੋੜ ਹੈ ਨਵੀਂ ਦੁਨੀਆ ਨਾਲ ਰੂ-ਬ-ਰੂ ਹੋਣ ਦੀ ਅਤੇ ਆਪਣੇ-ਆਪ ਨੂੰ ਬਦਲਦੀ ਜ਼ਿੰਦਗੀ ਦੇ ਤੇਵਰਾਂ ਨਾਲ ਇੱਕ-ਮਿਕ ਹੋਣ ਦੀ, ਬਲਕਿ ਜੀਵਨ ਦੇ ਖੂਬਸੂਰਤ ਰੰਗ ਮਾਣਦਿਆਂ ਇਹ ਸਫਰ ਤੈਅ ਕਰਨ 'ਚ ਹੈ। ਸਾਕਾਰ-ਾਤਮਕ ਸੋਚ, ਮੁਹੱਬਤ ਭਰੀ ਜ਼ਿੰਦਗੀ ਅਤੇ ਉਸਾਰੂ ਨਜ਼ਰੀਆ। ਇਸ ਦੁਨੀਆ ਦੇ ਮੇਲੇ ਨੂੰ ਹੋਰ ਵੀ ਰੌਣਕੀ ਬਣਾ ਦਿੰਦੇ ਹਨ। ਜ਼ਿੰਦਗੀ ਦਾ ਸਫਰ ਮਹਿਕਾਂ ਭਰਿਆ ਹੋਵੇ ਤਾਂ ਬੁਢਾਪੇ ਵਿੱਚ ਸੁਭਾਵਿਕ ਹੀ ਇਨਸਾਨ ਦੇ ਬੁੱਲ੍ਹਾਂ 'ਚੋਂ ਇਹ ਲਫਜ਼ ਆਪ ਮੁਹਾਰੇ ਦਸਤਕ ਦਿੰਦੇ ਹਨ :

'ਸਾਰਾ ਹੀ ਜਹਾਨ ਸਜ ਸੁਰਗ ਬਣਾਇਆ,
ਪੀਰਾਂ ਤੇ ਫਕੀਰਾਂ ਲੋਕੋ ਰਾਂਝਿਆ ਦਾ ਜਾਇਆ।
ਇਹਨੂੰ ਤੱਕ-ਤੱਕ ਦਿਲ ਨਹੀਂ ਭਰਦਾ,
ਰੰਗਲੀ ਦੁਨੀਆ ਤੋਂ ਦਿਲ ਨਹੀਂ ਜਾਣ ਨੂੰ ਕਰਦਾ।'

## ਹਲਕਾ ਫੁਲਕਾ

ਮਨੋਜ (ਡਾਕਟਰ ਨੂੰ), ''ਜਦੋਂ ਮੈਂ ਸੌਂਦਾ ਹਾਂ ਤਾਂ ਸੁਫਨੇ ਵਿੱਚ ਬਾਂਦਰ ਫੁੱਟਬਾਲ ਖੇਡਦੇ ਹਨ।''
ਡਾਕਟਰ, ''ਕੋਈ ਦਿੱਕਤ ਨਹੀਂ, ਇਹ ਗੋਲੀ ਰਾਤ ਨੂੰ ਸੌਣ ਤੋਂ ਪਹਿਲਾਂ ਖਾ ਲੈਣਾ।''
ਮਨੋਜ, ''ਕੱਲ੍ਹ ਖਾਵਾਂਗਾ, ਅੱਜ ਤਾਂ ਉਨ੍ਹਾ ਦਾ ਫਾਈਨਲ ਹੈ।''

********

ਟੀਚਰ, ''ਕੱਲ੍ਹ ਹੋਮਵਰਕ ਨਾ ਕੀਤਾ ਤਾਂ ਮੁਰਗਾ ਬਣਾਵਾਂਗਾ।''
ਵਿਦਿਆਰਥੀ, ''ਸਰ, ਮੁਰਗਾ ਤਾਂ ਮੈਂ ਨਹੀਂ ਖਾਂਦਾ, ਮਟਰ-ਪਨੀਰ ਬਣਾ ਲੈਣਾ।''

********

ਮਾਂ, ''ਇਹ ਲੈ ਬੇਟਾ 1500 ਰੁਪਏ।''
ਪੱਪੂ, ''ਇਹ ਕਿਸ ਲਈ ਮੰਮੀ?''
ਮਾਂ, ''ਬੇਟਾ, ਤੂੰ ਜਦੋਂ ਤੋਂ ਫੇਸਬੁਕ ਚਲਾਉਣੀ ਸ਼ੁਰੂ ਕੀਤੀ ਹੈ, ਉਦੋਂ ਤੋਂ ਰਾਤ ਨੂੰ ਚੌਕੀਦਾਰ ਨਹੀਂ ਰੱਖਣਾ ਪਿਆ...। ਰੱਖ ਲੈ, ਇਹ ਤੇਰੀ ਮਿਹਨਤ ਦੀ ਕਮਾਈ ਹੈ ਪਾਗਲ।''

********

ਪਠਾਣ ਆਪਣੀ ਪਤਨੀ ਦੀ ਕਬਰ 'ਤੇ ਪੱਖੀ ਝੱਲ ਰਿਹਾ ਸੀ। ਉਸ ਦੇ ਦੋਸਤ ਨੇ ਦੇਖਿਆ ਤਾਂ ਭਾਵੁਕ ਹੋ ਗਿਆ।
ਦੋਸਤ, ''ਕਮਾਲ ਹੈ ਯਾਰ, ਅੱਜ ਦੀ ਤਰੀਕ ਵਿੱਚ ਕੋਈ ਆਪਣੀ ਪਤਨੀ ਨੂੰ ਇੰਨਾ ਪਿਆਰ ਕਰ ਸਕਦਾ ਹੈ।''
ਪਠਾਣ, ''ਪਿਆਰ-ਵਿਆਰ ਨੂੰ ਛੱਡ ਯਾਰ, ਮੇਰੀ ਪਤਨੀ ਨੇ ਮਰਨ ਵੇਲੇ ਕਿਹਾ ਸੀ ਕਿ ਜਦੋਂ ਤੱਕ ਉਸ ਦੀ ਕਬਰ ਨਾ ਸੁੱਕੇ, ਮੈਂ ਦੂਜਾ ਵਿਆਹ ਨਾ ਕਰਾਵਾਂ। ਮੈਂ ਇਸ ਗੱਲੋਂ ਪ੍ਰੇਸ਼ਾਨ ਹਾਂ ਕਿ ਕੋਈ ਸਾਲਾ ਕਬਰ 'ਤੇ ਰੋਜ਼ ਦੋ ਬਾਲਟੀਆਂ ਪਾਣੀ ਪਾ ਜਾਂਦਾ ਹੈ।''

*********

ਅਨਿਲ, ''ਤੇਰੀ ਕਾਰ ਦਾ ਟਾਇਰ ਪੰਕਚਰ ਕਿਵੇਂ ਹੋਇਆ?''
ਅਮਿਤ, ''ਇੱਕ ਦਾਰੂ ਦੀ ਬੋਤਲ ਇਸ ਦੇ ਥੱਲੇ ਆ ਗਈ ਸੀ।''
ਅਨਿਲ, ''ਤੈਨੂੰ ਬੋਤਲ ਨਜ਼ਰ ਨਹੀਂ ਆਈ?''
ਅਮਿਤ, ''ਬੋਤਲ ਉਸ ਬੰਦੇ ਦੀ ਜੇਬ ਵਿੱਚ ਸੀ, ਜਿਹੜਾ ਮੇਰੀ ਕਾਰ ਥੱਲੇ ਆਇਆ ਸੀ।''

*********



# ਖ਼ਬਰਾਂ ਪੰਜਾਬ ਦੀਆਂ



## ਕੇਸ ਦਰਜ ਹੋਣ ਤੋਂ ਪਿੱਛੋਂ ਅਧਿਕਾਰੀ ਨੇ ਖ਼ੁਦਕੁਸ਼ੀ ਕਰ ਲਈ

ਬਟਾਲਾ, 14 ਮਈ (ਪੋਸਟ ਬਿਊਰੋ)- ਕੱਲ੍ਹ ਰਾਤ ਖੁਰਾਕ ਅਤੇ ਸਪਲਾਈ ਵਿਭਾਗ ਗੁਰਦਾਸਪੁਰ ਦੇ ਅਧਿਕਾਰੀਆਂ ਨਾਲ ਹੋਈ ਤਕਰਾਰ ਪਿੱਛੋਂ ਖ਼ੁਦਕੁਸ਼ੀ ਕਰਨ ਵਾਲੇ ਵੇਰਕਾ ਮਿਲਕ ਪਲਾਂਟ ਗੁਰਦਾਸਪੁਰ ਦੇ ਡਾਇਰੈਕਟਰ ਸਰਵਣ ਸਿੰਘ ਵਾਸੀ ਕਾਦੀਆਂ ਰਾਜਪੂਤਾਂ ਦੀ ਪਤਨੀ ਹਰਜੀਤ ਕੌਰ ਦੇ ਬਿਆਨਾਂ 'ਤੇ ਕਾਰਵਾਈ ਕੀਤੀ ਗਈ ਹੈ।

ਇਸ ਬਾਰੇ ਥਾਣਾ ਘਣੀਏ ਕੇ ਬਾਂਗਰ ਦੇ ਏ ਐਸ ਆਈ ਪਰਮਿੰਦਰ ਸਿੰਘ ਨੇ ਦੱਸਿਆ ਕਿ ਅਗਲੀ ਕਾਨੂੰਨੀ ਕਾਰਵਾਈ ਪੋਸਟ ਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਕੱਲ੍ਹ ਸ਼ਾਮ ਖ਼ੁਰਾਕ ਤੇ ਸਪਲਾਈ ਵਿਭਾਗ ਗੁਰਦਾਸਪੁਰ ਦੇ ਅਧਿਕਾਰੀਆਂ ਦੀ ਇੱਕ ਟੀਮ ਨੇ ਕਣਕ ਦੇ ਗੋਦਾਮਾਂ ਵਿੱਚ ਸਾਂਭ-ਸੰਭਾਲ ਕਰਨ ਦਾ ਨਿਰੀਖਣ ਕੀਤਾ ਤਾਂ ਇਸੇ ਦੌਰਾਨ ਸਰਵਣ ਸਿੰਘ ਆਪਣੇ ਲੜਕੇ ਨਾਲ ਇੱਕ ਕਾਰ ਵਿੱਚ ਸਵਾਰ ਹੋ ਕੇ ਓਥੋਂ ਲੰਘ ਰਿਹਾ ਸੀ ਅਤੇ ਰਸਤੇ ਬਾਰੇ ਦੋਵਾਂ ਧਿਰਾਂ ਦਾ ਤਕਰਾਰ ਹੋ ਕੇ ਹੱਥੋਪਾਈ ਹੋਈ ਸੀ। ਇਸ ਤੋਂ ਬਾਅਦ ਖ਼ੁਰਾਕ ਅਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੇ ਥਾਣਾ ਸਦਰ ਵਿੱਚ ਮ੍ਰਿਤਕ ਸਰਵਣ ਸਿੰਘ ਅਤੇ ਉਸ ਦੇ ਲੜਕੇ ਖ਼ਿਲਾਫ਼ ਕੇਸ ਦਰਜ ਕਰਵਾ ਦਿੱਤਾ ਸੀ, ਪਰ ਘਰ ਜਾ ਕੇ ਸਰਵਣ ਸਿੰਘ ਨੇ ਕੋਈ ਜ਼ਹਿਰੀਲ ਚੀਜ਼ ਖਾ ਲਈ। ਮ੍ਰਿਤਕ ਦੇ ਭਰਾ ਮੁਖਬੈਨ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਨੇ ਆਪਣੇ ਨਾਲ ਹੋਈ ਬੇਇਨਸਾਫੀ ਕਾਰਨ ਸਦਮੇ ਵਿੱਚ ਖ਼ੁਦਕੁਸ਼ੀ ਕੀਤੀ ਹੈ।

## ਸੁਮੇਧ ਸੈਣੀ ਕਤਲ ਕੇਸ ਦੀ ਤਫਤੀਸ਼ ਵਿੱਚ ਸ਼ਾਮਲ

### * ਥਾਣੇ ਪੁੱਜ ਕੇ ਸਾਬਕਾ ਡੀ ਜੀ ਪੀ ਨੇ 50 ਹਜ਼ਾਰ ਦਾ ਮੁਚੱਲਕਾ ਭਰਿਆ

ਮੋਹਾਲੀ, 14 ਮਈ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਮੁਖੀ ਸੁਮੇਧ ਸਿੰਘ ਸੈਣੀ ਦੀ ਪੇਸ਼ਗੀ ਜ਼ਮਾਨਤ ਪਟੀਸ਼ਨ ਮਨਜ਼ੂਰ ਹੋਣ ਪਿੱਛੋਂ ਕੱਲ੍ਹ ਸ਼ਾਮ ਕੋਰਟ ਦੇ ਨਿਰਦੇਸ਼ਾਂ 'ਤੇ ਮਟੌਰ ਥਾਣੇ ਵਿੱਚ ਜਾਂਚ ਵਿੱਚ ਸ਼ਾਮਲ ਹੋਣ ਪੁੱਜੇ ਅਤੇ ਜਾਂਚ ਹੋਣ ਤੋਂ ਬਾਅਦ ਉਨ੍ਹਾਂ ਨੇ ਪੰਜਾਹ ਹਜ਼ਾਰ ਰੁਪਏ ਦਾ ਇੱਕ ਮੁਚੱਲਕਾ ਭਰਿਆ ਅਤੇ ਵਾਪਸ ਚਲੇ ਗਏ। ਉਹ ਕਰੀਬ ਤੀਹ ਮਿੰਟ ਥਾਣੇ ਵਿੱਚ ਰੁਕੇ ਤੇ ਉਸ ਤੋਂ ਬਾਅਦ ਉਥੋਂ ਚਲੇ ਗਏ।





ਵਰਨਣ ਯੋਗ ਹੈ ਕਿ ਬੀਤੇ ਸੋਮਵਾਰ ਐਡੀਸ਼ਨਲ ਜ਼ਿਲਾ ਤੇ ਸੈਸ਼ਨ ਜੱਜ ਮੋਨਿਕਾ ਗੋਇਲ ਦੀ ਅਦਾਲਤ ਨੇ ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਅਰਜ਼ੀ ਮਨਜ਼ੂਰ ਕਰ ਲਈ ਅਤੇਸੱਤ ਦਿਨਾਂ ਦਾ ਨੋਟਿਸ ਦੇ ਕੇ ਮਾਮਲੇ ਵਿੱਚ ਤਫਤੀਸ਼ ਵਿੱਚ ਸ਼ਾਮਲ ਹੋਣ ਨੂੰ ਕਿਹਾ ਸੀ। ਸੁਮੇਧ ਸਿੰਘ ਸੈਣੀ ਖਿਲਾਫ ਛੇ ਮਈ ਨੂੰ ਚੰਡੀਗੜ੍ਹ ਇੰਡਸਟਰੀਅਲ ਤੇ ਟੂਰਿਜ਼ਮ ਕਾਰਪੋਰੇਸ਼ਨ (ਸਿਟਕੋ) ਦੇ ਇੱਕ ਮੁਲਾਜ਼ਮ ਬਲਵੰਤ ਸਿੰਘ ਮੁਲਤਾਨੀ ਨੂੰ ਸਾਲ 1991 ਵਿੱਚ ਅਗਵਾ ਕਰਨ ਦੇ ਦੋਸ਼ ਵਿੱਚ ਉਸ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਦੀ ਸ਼ਿਕਾਇਤ ਉੱਤੇ ਕੇਸ ਦਰਜ ਕੀਤਾ ਗਿਆ ਸੀ। ਇਸ ਕੇਸ ਵਿੱਚ ਸੁਮੇਧ ਸਿੰਘ ਸੈਣੀ ਦੇ ਨਾਲ ਸਾਬਕਾ ਡੀ ਐੱਸ ਪੀ ਬਲਦੇਵ ਸਿੰਘ ਸੈਣੀ, ਇੰਸਪੈਕਟਰ ਸਤਬੀਰ ਸਿੰਘ, ਸਬ ਇੰਸਪੈਕਟਰ ਹਰ ਸਹਾਏ ਸ਼ਰਮਾ, ਜਗੀਰ ਸਿੰਘ ਅਤੇ ਅਨੂਪ ਸਿੰਘ ਅਤੇ ਏ ਐੱਸ ਆਈ ਕੁਲਦੀਪ ਸਿੰਘ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ। ਬੇਸ਼ੱਕ ਸੁਮੇਧ ਸਿੰਘ ਸੈਣੀ ਨੂੰ ਅਦਾਲਤ ਤੋਂ ਪੇਸ਼ਗੀ ਜ਼ਮਾਨਤ ਦੀ ਰਾਹਤ ਮਿਲੀ ਹੈ, ਪਰ ਆਉਣ ਵਾਲੇ ਸਮੇਂ ਵਿੱਚ ਉਸ ਦੀਆਂ ਮੁਸ਼ਕਲਾਂ ਵੱਧ ਸਕਦੀਆਂ ਹਨ। ਇਸ ਕੇਸ ਦਾ ਚਸ਼ਮਦੀਦ ਗਵਾਹ ਪੇਸ਼ ਹੋ ਗਿਆ ਹੈ, ਜਿਸ ਨੇ ਜਾਂਚ ਅਫਸਰ ਨੂੰ ਬਿਆਨ ਦਿੱਤੇ ਸਨ। ਇਹ ਗਵਾਹ ਚੰਡੀਗੜ੍ਹ ਦੀ ਐਡਵੋਕੇਟ ਜੀ ਕੇ ਮਾਨ ਸੀ, ਜਿਸ ਨੇ ਦੱਸਿਆ ਕਿ ਉਸ ਦੇ ਪਤੀ ਪ੍ਰਤਾਪ ਸਿੰਘ ਮਾਨ ਨੂੰ ਵੀ ਸੁਮੇਧ ਸੈਣੀ ਦੇ ਕਹਿਣ 'ਤੇ ਪੁਲਸ ਨੇ ਬਲਵੰਤ ਸਿੰਘ ਮੁਲਤਾਨੀ ਨਾਲ ਉਸ ਸਮੇਂ ਘਰ 'ਚੋਂ ਚੁੱਕਿਆ ਸੀ।

## ਔਰਤ ਦੋਸਤ ਤੋਂ ਦੁਖੀ ਹੋ ਕੇ ਪੈਟਰੋਲ ਪਾ ਕੇ ਖੁਦਕੁਸ਼ੀ

ਹੁਸ਼ਿਆਰਪੁਰ, 14 ਮਈ (ਪੋਸਟ ਬਿਊਰੋ)- ਔਰਤ ਦੋਸਤ ਤੋਂ ਦੁਖੀ ਹੋ ਕੇ ਉਸ ਦੇ ਘਰ ਦੇ ਬਾਹਰ ਪੈਟਰੋਲ ਪਾ ਕੇ ਅੱਗ ਲਾਉਣ ਵਾਲੇ ਦੀ ਮੌਤ ਮਗਰੋਂ ਥਾਣਾ ਮਾਡਲ ਟਾਊਨ ਪੁਲਸ ਨੇ ਦੋਸ਼ੀ ਔਰਤ ਉਤੇ ਕੇਸ ਦਰਜ ਕਰ ਲਿਆ ਹੈ।

ਏ ਐਸ ਆਈ ਇੰਦਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਪਿੰਡ ਮਾਨਾਂ ਦੇ ਕਰਮ ਚੰਦ (50) ਪੁੱਤਰ ਤੀਰਥ ਰਾਮ ਨੇ ਸਿਵਲ ਹਸਪਤਾਲ ਦੇ ਨੇੜੇ ਆਪਣੇ 'ਤੇ ਪੈਟਰੋਲ ਪਾ ਕੇ ਅੱਗ ਲਾ ਲਈ ਤੇ 80 ਫ਼ੀਸਦੀ ਝੁਲਸ ਚੁੱਕੇ ਕਰਮ ਚੰਦ ਦੀ ਕੱਲ੍ਹ ਸਵੇਰੇ ਪੰਜ ਵਜੇ ਸਿਵਲ ਹਸਪਤਾਲ ਵਿੱਚ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਕਰਮ ਚੰਦ ਨੇ ਸੁਸਾਈਡ ਨੋਟ 'ਚ ਲਿਖਿਆ ਸੀ ਕਿ ਹਸਪਤਾਲ ਵਿੱਚ ਕੰਮ ਕਰਦੀ ਇੱਕ ਸਫ਼ਾਈ ਸੇਵਿਕਾ, ਜੋ ਵਿਧਵਾ ਹੈ, ਉਸ ਨਾਲ ਉਸ ਦੇ ਸਬੰਧ ਹਨ। ਉਸ ਨੇ ਦਾਅਵਾ ਕੀਤਾ ਕਿ ਉਹ ਪਤੀ-ਪਤਨੀ ਵਾਂਗ ਰਹਿੰਦੇ ਹਨ ਤੇ ਉਹ ਸਾਰਾ ਖ਼ਰਚ ਕਰਦਾ ਸੀ। ਨੋਟ 'ਚ ਲਿਖਿਆ ਸੀ ਕਿ ਜਦੋਂ ਉਹ ਉਸ ਔਰਤ ਨੂੰ ਮਿਲਣ ਲਈ ਉਸ ਦੇ ਘਰ ਆਇਆ ਤਾਂ ਉਸ ਨੇ ਉਸ ਨਾਲ ਬੁਰਾ ਸਲੂਕ ਕੀਤਾ ਤੇ ਉਸ ਨੂੰ ਘਰ ਤੋਂ ਕੱਢ ਦਿੱਤਾ, ਜਿਸ ਤੋਂ ਪ੍ਰੇਸ਼ਾਨ ਹੋ ਕੇ ਉਸ ਨੇ ਆਪਣੀ ਸਕੂਟਰੀ ਤੋਂ ਤੇਲ ਕੱਢ ਕੇ ਆਪਣੇ 'ਤੇ ਛਿੜਕ ਕੇ ਅੱਗ ਲਾ ਲਈ। ਪੁਲਸ ਨੇ ਧਾਰਾ 306 ਹੇਠ ਖੁਦਕੁਸ਼ੀ ਲਈ ਮਜ਼ਬੂਰ ਕਰਨ ਦੇ ਦੋਸ਼ 'ਚ ਮਾਮਲਾ ਦਰਜ ਕਰ ਲਿਆ ਹੈ।

## ਪੈਸੇ ਲੈ ਕੇ ਗੱਡੀਆਂ ਕਢਾਉਣ ਦੇ ਦੋਸ਼ ਵਿੱਚ ਏ ਐੱਸ ਆਈ ਸਣੇ ਤਿੰਨ ਸਸਪੈਂਡ



ਹੁਸ਼ਿਆਰਪੁਰ, 14 ਮਈ (ਪੋਸਟ ਬਿਊਰੋ)- ਊਨਾ ਰੋਡ 'ਤੇ ਚੱਕ ਸਾਧੂ ਨਾਕੇ 'ਤੇ ਤੈਨਾਤ ਏ ਐੱਸ ਆਈ ਤੇ ਦੋ ਹੋਮਗਾਰਡ ਜਵਾਨਾਂ ਨੂੰ ਰਿਸ਼ਵਤ ਲੈਣ ਦੇ ਦੋਸ਼ ਵਿੱਚ ਐੱਸ ਐੱਸ ਪੀ ਹੁਸ਼ਿਆਰਪੁਰ ਗੌਰਵ ਗਰਗ ਨੇ ਸਸਪੈਂਡ ਕਰਨ ਦੇ ਹੁਕਮ ਜਾਰੀ ਕੀਤੇ ਹਨ। ਏ ਐੱਸ ਆਈ ਦੀ ਪਛਾਣ ਅਸ਼ਵਨੀ ਕੁਮਾਰ ਤੇ ਹੋਮਗਾਰਡਜ਼ ਦੀ ਪਛਾਣ ਬਲਵੰਤ ਸਿੰਘ ਤੇ ਬਲਦੇਵ ਸਿੰਘ ਵਜੋਂ ਹੋਈ ਹੈ। ਇਨ੍ਹਾਂ 'ਤੇ ਪੈਸੇ ਲੈ ਕੇ ਹਿਮਾਚਲ ਵੱਲੋਂ ਆਉਂਦੀਆਂ ਗੱਡੀਆਂ ਕੱਢਣ ਦਾ ਦੋਸ਼ ਹੈ।

ਇਸ ਸੰਬੰਧ ਵਿੱਚ ਐੱਸ ਐੱਸ ਪੀ ਗੌਰਵ ਗਰਗ ਨੇ ਦੱਸਿਆ ਕਿ ਕੁਝ ਦਿਨਾਂ ਤੋਂ ਉਨ੍ਹਾਂ ਨੂੰ ਸੂਚਨਾ ਮਿਲ ਰਹੀ ਸੀ ਕਿ ਚੱਕ ਸਾਧੂ ਨਾਕੇ ਕੋਲ ਤੈਨਾਤ ਉਕਤ ਮੁਲਜ਼ਮ ਹਿਮਾਚਲ ਤੋਂ ਆਉਣ-ਜਾਣ ਵਾਲੀਆਂ ਗੱਡੀਆਂ ਨੂੰ ਪੈਸੇ ਲੈ ਕੇ ਕੱਢ ਰਹੇ ਸਨ। ਇਸ ਬਾਰੇ ਪਤਾ ਲੱਗਦੇ ਸਾਰ ਉਨ੍ਹਾਂ ਨੇ ਆਪਣੇ ਪੱਧਰ 'ਤੇ ਜਾਂਚ ਸ਼ੁਰੂ ਕਰ ਦਿੱਤੀ ਤਾਂ ਇਹ ਦੋਸ਼ ਸਹੀ ਨਿਕਲੇ। ਇਸ ਦੌਰਾਨ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਮਿਲੀ, ਜਿਸ 'ਚ ਉਹ ਪੈਸੇ ਲੈ ਰਹੇ ਸਨ। ਇਸ 'ਤੇ ਉਨ੍ਹਾਂ ਕਾਰਵਾਈ ਕਰ ਕੇ ਤਿੰਨਾਂ ਨੂੰ ਤੁਰੰਤ ਸਸਪੈਂਡ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਵੀ ਇੱਕ ਏ ਐੱਸ ਆਈ ਗੁਲਜ਼ਾਰ ਸਿੰਘ ਦੀ ਰਿਸ਼ਵਤ ਲੈਂਦੇ ਦੀ ਵੀਡੀਓ ਵਾਇਰਲ ਹੋਈ ਸੀ, ਜਿਸ ਦਾ ਨੋਟਿਸ ਲੈਂਦਿਆਂ ਪਹਿਲਾਂ ਉਸ ਨੂੰ ਸਸਪੈਂਡ ਕੀਤਾ ਅਤੇ ਫਿਰ ਡਿਸਮਿਸ ਕਰ ਦਿੱਤਾ ਗਿਆ ਸੀ। ਗੁਲਜ਼ਾਰ ਸਿੰਘ ਨੇ ਰਹੀਮਪੁਰ ਮੰਡੀ ਵਿੱਚ ਇੱਕ ਫਰੂਟ ਕੰਪਨੀ ਦੇ ਮਾਲਕ ਤੋਂ ਦੋ ਹਜ਼ਾਰ ਰੁਪਏ ਰਿਸ਼ਵਤ ਮੰਗੀ ਸੀ ਤੇ ਰਿਸ਼ਵਤ ਨਾ ਦੇਣ 'ਤੇ ਗੱਡੀਆਂ ਇੰਪਾਊਂਡ ਕਰਨ ਦੀ ਚਿਤਾਵਨੀ ਦਿੱਤੀ ਸੀ। ਬਾਅਦ ਵਿੱਚ ਮਾਮਲਾ ਇੱਕ ਹਜ਼ਾਰ ਰੁਪਏ 'ਚ ਤੈਅ ਹੋਇਆ ਸੀ।

## ਅਨਾਜ ਮੰਡੀ ਵਿੱਚ ਨੌਜਵਾਨ ਦਾ ਕਤਲ

ਲਹਿਰਾਗਾਗਾ, 14 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਕਾਲਬੰਜਾਰਾ ਦੀ ਅਨਾਜ ਮੰਡੀ 'ਚ ਇੱਕ ਨੌਜਵਾਨ ਲਵਪ੍ਰੀਤ ਸਿੰਘ ਕਾਲਾ (25) ਪੁੱਤਰ ਸੁਖਪਾਲ ਸਿੰਘ ਵਾਸੀ ਖੰਡੇਬਾਦ ਦਾ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੇ ਜੀਜੇ ਬਿੰਦਰ ਸਿੰਘ ਨੇ ਦੱਸਿਆ ਕਿ ਲਵਪ੍ਰੀਤ ਸਿੰਘ ਰਾਤ ਕਰੀਬ 9.30 ਵਜੇ ਸਕੂਟਰੀ ਉੱਤੇ ਘਰੋਂ ਗਿਆ ਸੀ ਪਰ ਵਾਪਸ ਨਾ ਆਇਆ। ਉਹ ਭਾਲ ਕਰ ਰਹੇ ਸਨ ਕਿ ਰਾਤ ਡੇਢ ਵਜੇ ਤਿੰਨ ਜਣਿਆਂ ਨੇ ਉਨ੍ਹਾਂ ਦੇ ਘਰ ਆ ਕੇ ਦੱਸਿਆ ਕਿ ਨੇੜਲੇ ਪਿੰਡ ਕਾਲਬੰਜਾਰਾ ਦੀ ਅਨਾਜ ਮੰਡੀ 'ਚ ਲਵਪ੍ਰੀਤ ਸਿੰਘ ਕਾਲਾ ਜ਼ਖ਼ਮੀ ਹਾਲਤ ਵਿੱਚ ਪਿਆ ਹੈ। ਉਹ ਲੋਕਾਂ ਨੂੰ ਨਾਲ ਲੈ ਕੇ ਅਨਾਜ ਮੰਡੀ ਕਾਲਬੰਜਾਰਾ ਪਹੁੰਚੇ ਤਾਂ ਉਥੇ ਲਵਪ੍ਰੀਤ ਸਿੰਘ ਦੀ ਲਾਸ਼ ਪਈ ਸੀ। ਇਸ ਬਾਰੇ ਲਹਿਰਾ ਗਾਗਾ ਪੁਲਸ ਨੂੰ ਸੂਚਨਾ ਦਿੱਤੀ ਗਈ ਤਾਂ ਐਸ ਐਚ ਓ ਸਦਰ ਸੁਰਿੰਦਰ ਭੱਲਾ, ਐਸ ਐਚ ਓ ਸਿਟੀ ਪਰਸ਼ੋਤਮ ਰਾਮ ਮੌਕੇ 'ਤੇ ਪਹੁੰਚੇ। ਲਵਪ੍ਰੀਤ ਸਿੰਘ ਦੀ ਸਕੂਟਰੀ ਵੀ ਨੁਕਸਾਨੀ ਗਈ ਹੈ। ਪੁਲਸ ਨੇ ਉਸ ਦੀ ਭੈਣ ਪਰਮਜੀਤ ਕੌਰ ਦੇ ਬਿਆਨਾਂ 'ਤੇ ਸੰਜੂ ਪੰਡਿਤ ਪੁੱਤਰ ਕਾਲਾ ਰਾਮ, ਜਸਪ੍ਰੀਤ ਸਿੰਘ ਜੱਸੀ ਪੁੱਤਰ ਸੈਸੀ ਸਿੰਘ, ਮਨੀ ਪੁੱਤਰ ਹਰਨੇਕ ਸਿੰਘ, ਬਿੰਦੀ ਪੁੱਤਰ ਨਿਰੰਜਣ ਸਿੰਘ ਵਾਸੀ ਜਲੂਰ, ਹਰਦੀਪ ਸਿੰਘ ਪੁੱਤਰ ਦੇਵ ਸਿੰਘ ਹਲਵਾਈ, ਹਰਵਿੰ-ਦਰ ਸਿੰਘ ਬਿੱਲਾ ਪੁੱਤਰ ਮਲਕੀਤ ਸਿੰਘ ਛਾਹੜੀਆਂ ਵਾਸੀ ਕਾਲਬੰਜਾਰਾ, ਲਾਲੀ, ਖ਼ੁਸ਼ੀ ਵਾਸੀ ਲੇਹਲ ਕਲਾਂ ਅਤੇ ਅਣਪਛਾਤਿਆਂ ਖ਼ਿਲਾਫ਼ ਧਾਰਾ 302 ਦਾ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕੋਰੋਨਾ ਕਾਰਨ ਦੁੱਧ ਦਾ ਭਾਅ ਡਿੱਗਣ ਨਾਲ ਪੰਜਾਬ ਦੇ ਡੇਅਰੀਆਂ ਵਾਲੇ ਸੰਕਟ 'ਚ ਘਿਰੇ



ਜਲੰਧਰ, 14 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਖੇਤੀ ਆਰਥਿਕਤਾ ਦਾ ਮਜ਼ਬੂਤ ਰਵਾਇਤੀ ਸਹਾਇਕ ਧੰਦਾ ਡੇਅਰੀ ਪਾਲਣ ਇਸ ਵਕਤ ਕੋਰੋਨਾ ਦੀ ਮਾਰ ਹੇਠ ਵੱਡੇ ਸੰਕਟ ਦੇ ਮੂੰਹ ਜਾ ਪਿਆ ਹੈ। ਏਥੇ ਕਰਫਿਊ ਲੱਗਦੇ ਸਾਰ ਸਭ ਤੋਂ ਵੱਡੀ ਸੱਟ ਦੁੱਧ ਉਤਪਾਦਕਾਂ ਉਪਰ ਪਈ ਤੇ ਕੰਮਕਾਜ ਠੱਪ ਹੋਣ ਕਾਰਨ ਖ਼ਪਤ ਇੱਕ ਦਮ ਘੱਟ ਗਈ ਹੈ। ਇਸ ਕਾਰਨ ਕਿਸਾਨ ਬਹੁਤ ਘੱਟ ਕੀਮਤ ਉਪਰ ਦੁੱਧ ਵੇਚਣ ਨੂੰ ਮਜ਼ਬੂਰ ਹੋਏ ਹਨ। ਗਰਮੀਆਂ ਵਿੱਚ ਦੁੱਧ ਦਾ ਭਾਅ ਵਧਦਾ ਹੈ, ਪਰ ਇਸ ਵਾਰ ਗਰਮੀ ਦੇ ਬਾਵਜੂਦ ਦੁੱਧ ਦਾ ਭਾਅ ਵਧਣ ਦੀ ਥਾਂ ਘੱਟ ਗਿਆ ਹੈ।

ਮਿਲਕਫੈੱਡ ਵੱਲੋਂ ਪਿਛਲੇ ਸਮੇਂ ਦੌਰਾਨ ਫੈਟ ਦਾ ਭਾਅ ਘੱਟ ਕਰਨ ਕਰਕੇ ਇਸ ਵੇਲੇ ਗਾਂ ਦਾ ਦੁੱਧ ਪੰਜ ਰੁਪਏ ਅਤੇ ਮੱਝ ਦਾ ਦੁੱਧ ਸੱਤ ਰੁਪਏ ਲੀਟਰ ਘੱਟ ਰੇਟ ਉੱਤੇ ਵਿਕ ਰਿਹਾ ਹੈ। ਪੰਜਾਬ ਵਿੱਚ ਦੁੱਧ ਦਾ ਭਾਅ ਕਰੀਬ ਉਹੀ ਚਲਦਾ ਹੈ ਜਿਹੜਾ ਮਿਲਕਫੈਡ ਤੈਅ ਕਰ ਦੇਵੇ। ਦੁੱਧ ਦੇ ਭਾਅ ਡਿਗ ਪੈਣ 'ਤੇ ਉਤਪਾਦਕਾਂ ਦੀ ਹਾਲਤ ਡਗਮਗਾ ਗਈ ਹੈ। ਡੇਅਰੀ ਦਾ ਕਾਰੋਬਾਰ ਮੁਨਾਫ਼ੇ ਬਖ਼ਸ਼ ਨਾ ਰਹਿਣ ਕਾਰਨ ਕਿਸਾਨ ਇਸ ਧੰਦੇ ਨੂੰ ਛੱਡਣ ਲੱਗੇ ਹਨ। ਪਸ਼ੂ ਧਨ ਬਾਰੇ ਕਰਵਾਏ ਸਰਕਾਰੀ ਸਰਵੇਖਣ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਵਿੱਚ 40 ਫ਼ੀਸਦੀ ਮੱਝਾਂ ਘਟ ਗਈਆਂ ਹਨ। ਘਰੇਲੂ ਤੇ ਵਪਾਰਕ ਦੋਵਾਂ ਪੱਧਰ 'ਤੇ ਪੰਜਾਬ ਅੰਦਰ ਇਹ ਕਾਰੋਬਾਰ ਪਿਛਲੇ ਸਾਲਾਂ ਵਿੱਚ ਕਾਫ਼ੀ ਪ੍ਰਫੁੱਲਤ ਹੋਇਆ ਹੈ। ਕਰਫਿਊ ਕਾਰਨ ਪਸ਼ੂ ਖ਼ੁਰਾਦ ਵੀ ਬਹੁਤ ਮਹਿੰਗੀ ਹੋ ਜਾਣ ਕਾਰਨ ਦੂਹਰੀ ਸੱਟ ਪੈ ਰਹੀ ਹੈ।

ਹਰਿਆਣਾ ਸਰਕਾਰ ਨੇ ਦੁੱਧ ਉਤਪਾਦਕਾਂ ਦਾ ਸਹਾਰਾ ਬਣਦਿਆਂ ਇੱਕ ਲੀਟਰ ਦੁੱਧ ਦੀ ਵਿਕਰੀ ਉਪਰ ਪੰਜ ਰੁਪਏ ਬੋਨਸ ਦਿੱਤਾ ਹੈ। ਪ੍ਰੋਗੈਸਿਵ ਡੇਅਰੀ ਫ਼ਾਰਮਰਜ਼ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪੇਂਡੂ ਆਰਥਿਕਤਾ ਨੂੰ ਮਜ਼ਬੂਤ ਰੱਖਣ ਲਈ ਹਰਿਆਣਾ ਦੀ ਤਰਜ਼ ਉਪਰ ਉਤਪਾਦਨ ਨੂੰ ਸਮੇਟਣ ਵਾਲੇ ਸਭ ਤੋਂ ਵੱਡੇ ਅਦਾਰੇ ਮਿਲਕਫੈਡ ਨੂੰ ਪੈਰਾਂ ਸਿਰ ਕਰਨ ਲਈ ਉਸ ਨੂੰ ਵੱਡਾ ਆਰਥਿਕ ਪੈਕੇਜ ਦੇਵੇ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਪੇਂਡੂ ਖੇਤਰ ਦੇ ਸਹਾਇਕ ਧੰਦੇ ਨੂੰ ਬਚਾਇਆ ਜਾ ਸਕਦਾ ਹੈ।

## ਘਰੇਲੂ ਕਲੇਸ਼ ਤੋਂ ਤੰਗ ਪਤਨੀ ਨੇ ਜਲੰਧਰ ਅਤੇ ਪਤੀ ਵੱਲੋਂ ਫਿਲੌਰ ਵਿੱਚ ਖ਼ੁਦਕੁਸ਼ੀ

ਫਿਲੌਰ, 14 ਮਈ (ਪੋਸਟ ਬਿਊਰੋ)- ਜਲੰਧਰ ਦੇ ਥਾਣਾ ਇੱਕ ਹੇਠਲੀ ਫਰੈਂਡ ਕਾਲੋਨੀ ਵਿੱਚ ਆਪਣੇ ਪਤੀ ਤੇ ਦੋ ਬੱਚੀਆਂ ਨਾਲ ਰਹਿੰਦੀ ਔਰਤ ਨੇ ਘਰੇਲੂ ਕਲੇਸ਼ ਤੋਂ ਤੰਗ ਆ ਕੇ ਕੱਲ੍ਹ ਖ਼ੁਦਕੁਸ਼ੀ ਕਰ ਲਈ। ਮ੍ਰਿਤਕਾ ਦੀ ਪਛਾਣ ਆਸ਼ਿਮਾ ਪਤਨੀ ਵਿਕਾਸ ਰਾਣਾ ਵਾਸੀ ਰਈਆ ਹਾਲ ਵਾਸੀ ਫਰੈਂਡਜ਼ ਕਾਲੋਨੀ ਵਜੋਂ ਹੋਈ ਹੈ। ਮ੍ਰਿਤਕਾ ਦੇ ਪਿਤਾ ਰੂਪ ਲਾਲ ਕਾਲੀਆ ਦੇ ਬਿਆਨਾਂ ਉੱਤੇ ਪੁਲਸ ਨੇ ਮ੍ਰਿਤਕ ਦੇ ਪਤੀ ਖ਼ਿਲਾਫ਼ 306 ਦਾ ਕੇਸ ਦਰਜ ਕਰ ਜਾਂਚ ਸ਼ੁਰੂ ਕੀਤੀ ਤਾਂ ਖ਼ਬਰ ਆ ਗਈ ਕਿ ਮ੍ਰਿਤਕਾ ਦੇ ਪਤੀ ਨੇ ਵੀ ਫਿਲੌਰ ਵਿੱਚ ਗੱਡੀ ਥੱਲੇ ਆ ਕੇ ਖ਼ੁਦਕੁਸ਼ੀ ਕਰ ਲਈ ਹੈ।



ਇਸ ਬਾਰੇ ਮ੍ਰਿਤਕਾ ਦੇ ਪਿਤਾ ਰੂਪ ਲਾਲ ਕਾਲੀਆ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਬੇਟੀ ਆਸ਼ਿਮਾ ਦਾ ਵਿਆਹ 2008 'ਚ ਰਈਆ 'ਚ ਕੱਪੜੇ ਦੀ ਦੁਕਾਨ ਕਰਦੇ ਵਿਕਾਸ ਰਾਣਾ ਨਾਲ ਹੋਇਆ ਸੀ। ਉਸਦੀ ਬੇਟੀ ਦੀ ਜਲੰਧਰ 'ਚ ਇੱਕ ਨਿੱਜੀ ਕਾਲਜ 'ਚ ਲੈਕਚਰਾਰ ਦੀ ਨੌਕਰੀ ਲੱਗ ਗਈ, ਜਿਸ ਕਾਰਨ ਉਹ ਜਲੰਧਰ ਫਰੈਂਡਜ਼ ਕਾਲੋਨੀ 'ਚ ਰਹਿਣ ਲੱਗ ਗਏ। ਉਸ ਦਾ ਪਤੀ ਰੋਜ਼ਾਨਾ ਰਈਆ ਤੋਂ ਅੱਪ-ਡਾਊਨ ਕਰਦਾ ਸੀ। ਵਿਆਹ ਪਿੱਛੋਂ ਉਸ ਦੇ ਦੋ ਬੇਟੀਆਂ ਹੋਈਆਂ, ਜਿਨ੍ਹਾਂ ਦੀ ਸੰਭਾਲ ਲਈ ਉਸਨੇ ਇੱਕ ਸਾਲ ਪਹਿਲਾਂ ਨੌਕਰੀ ਛੱਡ ਦਿੱਤੀ। ਉਨ੍ਹਾ ਦੱਸਿਆ ਕਿ ਚਾਰ ਮਈ ਨੂੰ ਦੋਵੇਂ ਪਤੀ-ਪਤਨੀ ਅਤੇ ਬੱਚੇ ਰਈਆ ਆਏ ਤੇ 11 ਮਈ ਨੂੰ ਸ਼ਾਮ ਛੇ ਵਜੇ ਦੇ ਕਰੀਬ ਜਲੰਧਰ ਜਾਣ ਤੋਂ ਪਹਿਲਾਂ ਉਨ੍ਹਾਂ ਦੀ ਬੇਟੀ ਉਸ ਕੋਲ ਆਈ ਤੇ ਦੱਸਿਆ ਕਿ ਵਿਕਾਸ ਉਸ ਨੂੰ ਨੌਕਰੀ ਦੁਬਾਰਾ ਕਰਨ ਲਈ ਤੰਗ ਕਰ ਰਿਹਾ ਹੈ, ਪਰ ਮੈਂ ਬੇਟੀ ਨੂੰ ਸਮਝਾ ਕੇ ਉਸ ਨਾਲ ਭੇਜ ਦਿੱਤਾ। ਪਰ ਸ਼ਾਮ 7.30 ਵਜੇ ਦੇ ਕਰੀਬ ਆਸ਼ਿਮਾ ਦੇ ਦਿਉਰ ਦਾ ਫ਼ੋਨ ਆਇਆ ਕਿ ਆਸ਼ਿਮਾ ਤੇ ਉਸ ਦੇ ਪਤੀ ਦਾ ਝਗੜਾ ਹੋ ਗਿਆ ਹੈ ਅਤੇ ਜਲੰਧਰ ਜਾਣਾ ਹੈ। ਜਦ ਉਹ ਜਲੰਧਰ ਆਏ ਤਾਂ ਉਨ੍ਹਾਂ ਨੂੰ ਨਿੱਜੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਫਾਹਾ ਲੈਣ ਕਾਰਨ ਆਸ਼ਿਮਾ ਦੀ ਮੌਤ ਹੋ ਚੁੱਕੀ ਹੈ। ਪੁਲਸ ਨੇ ਇਸ ਬਿਆਨ ਉੱਤੇ ਆਸ਼ਿਮਾ ਦੇ ਪਤੀ ਵਿਕਾਸ ਰਾਣਾ ਦੇ ਖ਼ਿਲਾਫ਼ ਦਰਜ ਕਰ ਜਾਂਚ ਸ਼ੁਰੂ ਕੀਤੀ ਤਾਂ ਸ਼ਾਮ ਤੱਕ ਪੁਲਸ ਨੂੰ ਫਿਲੌਰ ਤੋਂ ਵਿਕਾਸ ਰਾਣਾ ਦੇ ਗੱਡੀ ਥੱਲੇ ਆ ਕੇ ਖ਼ੁਦਕੁਸ਼ੀ ਕਰਨ ਦੀ ਖ਼ਬਰ ਆ ਗਈ।

## ਹਜ਼ੂਰ ਸਾਹਿਬ ਤੋਂ ਆਏ 26 ਯਾਤਰੀ ਕੋਰੋਨਾ ਨੂੰ ਹਰਾ ਕੇ ਘਰਾਂ ਨੂੰ ਗਏ

ਅੰਮ੍ਰਿਤਸਰ, 14 ਮਈ (ਪੋਸਟ ਬਿਊਰੋ)- ਤਖਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਤੋਂ ਪਰਤੇ ਜਿਹੜੇ ਸ਼ਰਧਾਲੂ ਕੋਰੋਨਾ ਟੈਸਟ ਵਿੱਚ ਪਾਜ਼ੇਟਿਵ ਆਉਣ ਕਾਰਨ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖ਼ਲ ਸਨ, ਉਨ੍ਹਾਂ ਵਿੱਚੋਂ ਕੱਲ੍ਹ 26 ਜਣਿਆਂ ਦੇ ਟੈੱਸਟ ਨੈਗੇਟਿਵ ਆਉਣ ਪਿੱਛੋਂ ਉਹ ਆਪਣੇ ਘਰੀਂ ਚਲੇ ਗਏ ਹਨ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡ ਕੇ ਇਹ ਸ਼ਰਧਾਲੂ ਉਤਸ਼ਾਹ ਨਾਲ ਘਰਾਂ ਨੂੰ ਗਏ, ਜਿਸ ਨਾਲ ਹੋਰ ਮਰੀਜ਼ਾਂ ਨੂੰ ਵੀ ਹੌਸਲਾ ਮਿਲਿਆ ਹੈ।

ਵਰਨਣ ਯੋਗ ਹੈ ਕਿ ਇਹ ਸਾਰੇ ਸ਼ਰਧਾਲੂ ਪਹਿਲੇ ਦਿਨੋਂ ਹੀ ਚੜ੍ਹਦੀ ਕਲਾ ਵਿੱਚ ਰਹੇ ਸਨ ਤੇ ਕਿਸੇ ਨੇ ਵੀ ਕੋਵਿਡ ਟੈਸਟ ਵਿੱਚ ਪਾਜ਼ੇਟਿਵ ਆਉਣ ਦੀ ਗੱਲ ਮਨ ਨੂੰ ਨਹੀਂ ਸੀ ਲਾਈ। ਇਨ੍ਹਾਂ ਦੇ ਲਗਾਤਾਰ ਦੋ ਟੈਸਟ ਨੈਗੇਟਿਵ ਆਉਣ ਦੇ ਬਾਅਦ ਕੱਲ੍ਹ ਇਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਇਨ੍ਹਾਂ ਵਿੱਚ ਬੱਚੇ, ਜਵਾਨ, ਬਜ਼ੁਰਗ ਅਤੇ ਔਰਤਾਂ ਸ਼ਾਮਲ ਹਨ। ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਸਾਰੇ ਸ਼ਰਧਾਲੂ 28 ਅਪ੍ਰੈਲ ਨੂੰ ਨਾਂਦੇੜ ਤੋਂ ਆਏ ਸਨ ਤੇ ਇਨ੍ਹਾਂ ਨੂੰ ਵੱਖ-ਵੱਖ ਥਾਈਂ ਇਕਾਂਤਵਸ ਕੀਤਾ ਗਿਆ ਸੀ। ਫਿਰ ਟੈਸਟ ਲੈਣ ਮਗਰੋਂ ਜਿੰਨਾ ਸ਼ਰਧਾਲੂਆਂ ਦੇ ਟੈਸਟ ਪਾਜ਼ੇਟਿਵ ਆਏ ਸਨ, ਉਨ੍ਹਾਂ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ ਸੀ। ਹਸਪਤਾਲ ਸਟਾਫ ਵੱਲੋਂ ਇਨ੍ਹਾਂ ਦੀ ਹਰ ਸੰਭਵ ਸਹਾਇਤਾ ਤੇ ਸੇਵਾ ਕੀਤੀ ਤੇ ਲੱਗਭਗ 12 ਦਿਨਾਂ ਵਿੱਚ ਇਨ੍ਹਾਂ ਦੇ ਦੋ ਟੈਸਟ ਨੈਗਟਿਵ ਆਉਣ ਪਿੱਛੋਂ ਕੱਲ੍ਹ ਇਨ੍ਹਾਂ ਵਿੱਚੋਂ 26 ਸ਼ਰਧਾਲੂ ਘਰਾਂ ਨੂੰ ਭੇਜ ਦਿੱਤਾ ਗਿਆ। ਉਨ੍ਹਾਂ ਨੇ ਹਸਪਤਾਲ ਸਟਾਫ ਵੱਲੋਂ ਦਿੱਤੀਆਂ ਸੇਵਾਵਾਂ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਘਰ ਜਾਣ ਦੀ ਖ਼ੁਸ਼ੀ ਵਿੱਚ ਇਨ੍ਹਾਂ ਸ਼ਰਧਾਲੂਆਂ ਨੇ ਹਸਪਤਾਲ ਦੇ ਸਟਾਫ, ਜਿਸ ਵਿੱਚ ਨਰਸਿੰਗ ਤੇ ਹੋਰ ਪੈਰਾ-ਮੈਡੀਕਲ ਸਟਾਫ ਸ਼ਾਮਲ ਸੀ, ਦੀ ਤਾਰੀਫ ਕਰਦੇ ਕਿਹਾ ਕਿ ਇਨ੍ਹਾਂ ਨੇ ਸਾਡੀ ਹਰ ਜ਼ਰੂਰਤ ਦਾ ਖਿਆਲ ਰੱਖਿਆ ਅਤੇ ਖਾਣ ਨੂੰ ਵੀ ਚੰਗਾ ਭੋਜਨ ਮਿਲਦਾ ਰਿਹਾ ਤੇ ਬੱਚਿਆਂ ਦੀਆਂ ਨਿੱਜੀ ਲੋੜਾਂ ਦੀ ਪੂਰਤੀ ਵੀ ਕਰਦੇ ਰਹੇ ਸਨ। ਇਨ੍ਹਾਂ ਸ਼ਰਧਾਲੂਆਂ ਨੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰ-ਦਰ ਸਿੰਘ ਦਾ ਵੀ ਧੰਨਵਾਦ ਕੀਤਾ ਕਿ ਉਨ੍ਹਾ ਦੀਆਂ ਕੋਸ਼ਿਸ਼ਾਂ ਸਦਕਾ ਅਸੀਂ ਮਹਾਰਾਸ਼ਟਰ ਤੋਂ ਪੰਜਾਬ ਆ ਸਕੇ ਅਤੇ ਉਨ੍ਹਾਂ ਦੇ ਯਤਨਾਂ ਨਾਲ ਸਾਡਾ ਇਲਾਜ ਹੋ ਸਕਿਆ ਹੈ।

## ਕਰਣ ਅਵਤਾਰ ਸਿੰਘ ਨੂੰ ਝਟਕਾ

## ਮੁੱਖ ਮੰਤਰੀ ਨੇ ਐਕਸਾਈਜ਼ ਤੇ ਟੈਕਸੇਸ਼ਨ ਦਾ ਵਿਭਾਗ ਖੋਹ ਲਿਆ

ਚੰਡੀਗੜ੍ਹ, 14 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਚੀਫ ਸੈਕਟਰੀ ਕਰਣ ਅਵਤਾਰ ਸਿੰਘ ਤੋਂ ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਵਾਪਸ ਲੈ ਲਿਆ ਹੈ। ਇਸ ਦੇ ਬਾਅਦ ਏ ਵੇਣੂਪ੍ਰਸਾਦ ਇਸ ਵਿਭਾਗ ਦੇ ਨਵੇਂ ਮੁਖੀ ਬਣਾਏ ਗਏ। ਵੇਣੂਪ੍ਰਸਾਦ ਇਸ ਵਕਤ 20 ਮਈ ਤੱਕ ਛੁੱਟੀ 'ਤੇ ਹਨ, ਇਸ ਲਈ ਉਨ੍ਹਾਂ ਦਾ ਚਾਰਜ ਹਾਲ ਦੀ ਘੜੀ ਪ੍ਰਿੰਸੀਪਲ ਸੈਕਟਰੀ (ਫਾਈਨੈਂਸ) ਅਨਿਰੁੱਧ ਤਿਵਾੜੀ ਨੂੰ ਦੇ ਦਿੱਤਾ ਗਿਆ ਹੈ।





ਵਰਨਣ ਯੋਗ ਹੈ ਕਿ ਪਿਛਲੇ ਸੋਮਵਾਰ ਕੈਬਨਿਟ ਦੀ ਮੀਟਿੰਗ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੁੱਖ ਮੰਤਰੀ ਨੂੰ ਸਾਫ ਕਹਿ ਦਿੱਤਾ ਸੀ ਕਿ ਉਹ ਚੀਫ ਸੈਕਟਰੀ ਕਰੁਣ ਅਵਤਾਰ ਸਿੰਘ ਨਾਲ ਕਿਸੇ ਵੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਣਗੇ। ਉਸ ਤੋਂ ਪਹਿਲਾਂ ਨੌਂ ਮਈ ਨੂੰ ਮੰਤਰੀਆਂ ਦੀ ਪ੍ਰੀ-ਕੈਬਨਿਟ ਮੀਟਿੰਗ ਦੌਰਾਨ ਚੀਫ ਸੈਕਟਰੀ ਤੇ ਵਿੱਤ ਮੰਤਰੀ ਵਿਚਾਲੇ ਬਹਿਸ ਹੋ ਗਈ ਸੀ, ਜਿਸ ਕਾਰਨ ਮਨਪ੍ਰੀਤ ਸਿੰਘ ਬਾਦਲ ਤੇ ਚਰਨਜੀਤ ਸਿੰਘ ਚੰਨੀ ਦੋਵੇਂ ਮੰਤਰੀ ਮੀਟਿੰਗ ਛੱਡ ਕੇ ਚਲੇ ਗਏ ਸਨ ਅਤੇ ਕਈ ਹੋਰ ਮੰਤਰੀਆਂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ ਸੀ, ਜਿਨ੍ਹਾਂ 'ਚ ਸੁਖਜਿੰਦਰ ਸਿੰਘ ਰੰਧਾਵਾ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵਿੱਟਰ 'ਤੇ ਚੀਫ ਸੈਕਟਰੀ ਉੱਤੇ ਕਈ ਗੰਭੀਰ ਦੋਸ਼ ਲਾਏ ਅਤੇ ਕਿਹਾ ਕਿ ਸੀ ਕਿ ਕਰਣ ਅਵਤਾਰ ਸਿੰਘ ਦਾ ਬੇਟਾ ਸ਼ਰਾਬ ਦਾ ਕਾਰੋਬਾਰ ਕਰਦਾ ਹੈ, ਇਸ ਲਈ ਇਹ ਵਿਭਾਗ ਚੀਫ ਸੈਕਟਰੀ ਨੂੰ ਦੇਣਾ ਕਨਫਲਿਕਟ ਆਫ ਇੰਟਰੈਸਟ ਦਾ ਗੰਭੀਰ ਮਾਮਲਾ ਹੈ। ਸਾਰੇ ਮੰਤਰੀ ਉਸ ਵਕਤ ਤੋਂ ਕਰਣ ਅਵਤਾਰ ਸਿੰਘ ਨੂੰ ਚੀਫ ਸੈਕਟਰੀ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕਰ ਰਹੇ ਹਨ। ਚੀਫ ਸੈਕਟਰੀ ਮੰਗਲਵਾਰ ਨੂੰ ਦਫਤਰ ਵਿੱਚ ਆਏ ਅਤੇ ਤਿੰਨ ਘੰਟੇ ਰਹਿ ਕੇ ਉਨ੍ਹਾਂ ਨੇ ਕੰਮ ਨਿਬੇੜ ਕੇ ਮੀਟਿੰਗ ਵੀ ਕੀਤੀ। ਉਨ੍ਹਾਂ ਤੋਂ ਵਿਭਾਗ ਵਾਪਸ ਲੈਣ ਤੋਂ ਸਾਫ ਹੈ ਕਿ ਸਰਕਾਰ ਉਨ੍ਹਾਂ ਨੂੰ ਮੰਤਰੀਆਂ ਦੇ ਦਬਾਅ ਦੇ ਬਾਵਜੂਦ ਚੀਫ ਸੈਕਟਰੀ ਰੱਖਣਾ ਚਾਹੁੰਦੀ ਹੈ।

## ਤਨਖਾਹ ਕਟੌਤੀ ਤੋਂ ਭੜਕੇ ਮਜ਼ਦੂਰਾਂ ਦੇ ਪਥਰਾਅ ਦੌਰਾਨ ਐਸ ਡੀ ਐਮ ਤੇ ਡੀ ਐਸ ਪੀ ਜ਼ਖਮੀ

ਮਾਲੇਰਕੋਟਲਾ, 14 ਮਈ (ਪੋਸਟ ਬਿਊਰੋ)- ਏਥੋਂ ਦੀ ਅਰੀਹਾਂਤ ਧਾਗਾ ਮਿੱਲ ਵੱਲੋਂ ਲੇਬਰ ਦੀ ਤਨਖਾਹ ਵਿੱਚ ਕਟੌਤੀ ਦੇ ਮੁੱਦੇ ਤੋਂ ਸੋਮਵਾਰ ਰਾਤ ਸ਼ੁਰੂ ਹੋਏ ਵਿਵਾਦ ਵਿੱਚ ਕੱਲ੍ਹ ਰਾਤ ਮਿੱਲ ਦੇ ਕਰੀਬ ਚਾਰ ਸੌ ਮਜ਼ਦੂਰਾਂ ਨੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਅਤੇ ਮਿੱਲ ਕੰਪਲੈਕਸ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਪੁਲਸ ਵੱਲੋਂ ਖਿੱਚਧੂਹ ਕਰਨ ਉੱਤੇ ਮਜ਼ਦੂਰਾਂ ਨੇ ਪੁਲਸ ਅਤੇ ਪ੍ਰਸ਼ਾਸਨਕ ਅਧਿਕਾਰੀਆਂ 'ਤੇ ਪਥਰਾਅ ਕਰ ਦਿੱਤਾ, ਇਸ ਕਾਰਨ ਐੱਸ ਡੀ ਐੱਮ ਮਾਲੇਰਕੋਟਲਾ ਵਿਕਰਮਜੀਤ ਸਿੰਘ ਪਾਂਥੇ, ਡੀ ਐੱਸ ਪੀ ਸੁਮੀਤ ਸੂਦ ਅਤੇ ਏ ਐੱਸ ਆਈ ਜਸਵਿੰਦਰ ਸਿੰਘ ਜ਼ਖ਼ਮੀ ਹੋ ਗਏ। ਪੁਲਸ ਨੇ 400 ਤੋਂ ਵੱਧ ਅਣਪਛਾਤੇ ਮਜ਼ਦੂਰਾਂ 'ਤੇ ਕੇਸ ਦਰਜ ਕਰ ਲਿਆ ਹੈ।



ਪ੍ਰਸ਼ਾਸਨਿਕ ਅਧਿਕਾਰੀ ਮਜਦੂਰਾਂ ਨੂੰ ਸ਼ਾਂਤ ਕਰਵਾਉਣ ਦਾ ਯਤਨ ਕਰਦੇ ਹੋਏ।

ਮਿਲੀ ਜਾਣਕਾਰੀ ਅਨੁਸਾਰ ਤਨਖਾਹ ਵਿੱਚ ਕਟੌਤੀ ਬਾਰੇ ਸੋਮਵਾਰ ਨੂੰ ਵਿਵਾਦ ਹੋ ਗਿਆ ਸੀ। ਮਿੱਲ ਪ੍ਰਬੰਧਕਾਂ ਦੀ ਸੂਚਨਾ 'ਤੇ ਰਾਤ ਐੱਸ ਡੀ ਐੱਮ ਵਿਕਰਮਜੀਤ ਸਿੰਘ ਪਾਂਥੇ, ਡੀ ਐੱਸ ਪੀ ਸੁਮੀਤ ਸੂਦ ਅਤੇ ਹੋਰ ਅਧਿਕਾਰੀ ਮੌਕੇ ਉੱਤੇ ਪੁੱਜ ਗਏ। ਉਨ੍ਹਾਂ ਨੇ ਇੱਕ ਵਾਰ ਮਜ਼ਦੂਰਾਂ ਨੂੰ ਸ਼ਾਂਤ ਕਰ ਕੇ ਕੁਆਰਟਰਾਂ ਵਿੱਚ ਭੇਜ ਦਿੱਤਾ, ਪਰ ਮਜ਼ਦੂਰਾਂ ਨੇ ਫਿਰ ਇਕੱਠੇ ਹੋ ਕੇ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਪੁਲਸ ਤੇ ਪ੍ਰਸ਼ਾਸਨਕ ਅਧਿਕਾਰੀਆਂ 'ਤੇ ਪਥਰਾਅ ਕੀਤਾ। ਇਸ 'ਤੇ ਪੁਲਸ ਨੇ ਹਲਕਾ ਲਾਠੀਚਾਰਜ ਕਰ ਕੇ ਉਨ੍ਹਾਂ ਨੂੰ ਖਦੇੜਿਆ। ਮਜ਼ਦੂਰਾਂ ਦੀਆਂ ਸਮੱਸਿਆਵਾਂ ਸੁਣਨ ਲਈ ਕੱਲ੍ਹ ਏ ਡੀ ਸੀ ਰਾਜੇਸ਼ ਤ੍ਰਿਪਾਠੀ ਤੇ ਐੱਸ ਡੀ ਐੱਮ ਮਾਲੇਰਕੋਟਲਾ ਵਿਕਰਮਜੀਤ ਸਿੰਘ ਪਾਂਥੇ ਫਿਰ ਮਿਲ ਵਿੱਚ ਪੁੱਜੇ। ਦੇਰ ਸ਼ਾਮ ਤੱਕ ਮੀਟਿੰਗ ਜਾਰੀ ਰਹੀ, ਪਰ ਕੋਈ ਸਮਝੌਤਾ ਨਹੀਂ ਹੋ ਸਕਿਆ। ਮਜ਼ਦੂਰਾਂ ਦਾ ਕਹਿਣਾ ਹੈ ਕਿ ਮਿੱਲ ਪ੍ਰਬੰਧਕ ਉਨ੍ਹਾਂ ਨੂੰ ਕਟੌਤੀ ਕਰ ਕੇ ਤਨਖਾਹ ਦੇ ਰਹੇ ਹਨ ਅਤੇ ਮਿੱਲ ਦੇ ਅੰਦਰ ਦੁਕਾਨਾਂ ਤੋਂ ਮਹਿੰਗੇ ਭਾਅ ਰਾਸ਼ਨ, ਸਬਜ਼ੀਆਂ ਮਿਲਦੀਆਂ ਹਨ। ਮਿੱਲ ਦੇ ਪ੍ਰਤੀਨਿਧ ਨੀਰਜ ਸ਼ਰਮਾ ਨੇ ਕਾਮਿਆਂ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰ ਕੇ ਕਿਹਾ ਕਿ ਕਰਫਿਊ ਦੌਰਾਨ ਮਿੱਲ ਦੇ ਬੰਦ ਹੋਣ ਦੇ ਬਾਵਜੂਦ ਮਿੱਲ ਪ੍ਰਬੰਧਕ ਕਾਮਿਆਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਡਾਕਟਰੀ ਸਹਾਇਤਾ ਵੀ ਦੇ ਰਹੇ ਹਨ।



# 1984 ਸਿੱਖ ਕਤਲੇਆਮ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਸੱਜਣ ਕੁਮਾਰ ਨੂੰ ਜ਼ਮਾਨਤ ਨਹੀਂ ਮਿਲੀ

ਨਵੀਂ ਦਿੱਲੀ, 14 ਮਈ (ਪੋਸਟ ਬਿਊਰੋ)- ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੋਏ ਦਿੱਲੀ ਸਿੱਖ ਕਤਲੇਆਮ ਕੇਸ ਵਿੱਚ ਉਮਰ ਕੈਦ ਦੀ ਸਜ਼ਾਯਾਫਤਾ ਸਾਬਕਾ ਪਾਰਲੀਮੈਂਟ ਮੈਂਬਰ ਅਤੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ 'ਤੇ ਕੱਲ੍ਹ ਸੁਪਰੀਮ ਕੋਰਟ ਵਿੱਚ ਸਣਵਾਈ ਹੋਈ, ਪਰ ਉਨ੍ਹਾਂ ਨੂੰ ਰਾਹਤ ਨਹੀਂ ਮਿਲੀ।



ਇਸ ਜ਼ਮਾਨਤ ਪਟੀਸ਼ਨ ਉੱਤੇ ਸੁਣਵਾਈ ਜੁਲਾਈ ਮਹੀਨੇ ਤੱਕ ਟਾਲ ਕੇ ਅਦਾਲਤ ਨੇ ਸੱਜਣ ਕੁਮਾਰ ਨੂੰ ਫਿਲਹਾਲ ਜ਼ਮਾਨਤ ਦੇਣ ਤੋਂ ਹਾਲ ਦੀ ਘੜੀ ਇਨਕਾਰ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਸਿੱਖ ਕਤਲੇਆਮ ਕੇਸ ਵਿੱਚ ਮੰਡੋਲੀ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸੱਜਣ ਕੁਮਾਰ ਨੇ ਖਰਾਬ ਸਿਹਤ ਦੇ ਆਧਾਰ 'ਤੇ ਜ਼ਮਾਨਤ ਦੀ ਅਪੀਲ ਕੀਤੀ ਸੀ। ਕੱਲ੍ਹ ਦਿੱਲੀ ਹਾਈ ਕੋਰਟ ਦੀ ਡਬਲ ਬੈਂਚ ਨੇ 1984 ਸਿੱਖ ਕਤਲੇਆਮ ਦੇ ਇੱਕ ਮਾਮਲੇ ਵਿੱਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਪਲਟ ਕੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਪੰਜ ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਸੀ। ਦਿੱਲੀ ਤੋਂ ਲੋਕ ਸਭਾ ਮੈਂਬਰ ਰਹਿ ਚੁੱਕੇ ਕਾਂਗਰਸੀ ਆਗੂ ਸੱਜਣ ਕੁਮਾਰ 'ਤੇ ਹੱਤਿਆ, ਸਾਜ਼ਿਸ਼, ਦੰਗੇ ਭੜਕਾਉਣ ਤੇ ਭੜਕਾਊ ਭਾਸ਼ਣ ਦੇਣ ਦਾ ਦੋਸ਼ ਸੀ। ਦਿੱਲੀ ਦੀ ਰਾਜਨੀਤੀ ਵਿੱਚ ਸੱਜਣ ਕੁਮਾਰ ਦੇ ਕੱਦ ਦਾ ਅੰਦਾਜ਼ਾ ਏਥੋਂ ਲਾਇਆ ਜਾ ਸਕਦਾ ਹੈ ਕਿ ਉਸ ਨੇ 1991 ਦੀਆਂ ਲੋਕ ਸਭਾ ਚੋਣਾਂ ਵਿੱਚ ਬਾਹਰਲੀ ਦਿੱਲੀ ਲੋਕ ਸਭਾ ਸੀਟ ਤੋਂ ਭਾਰਤੀ ਜਨਤਾ ਪਾਰਟੀ ਦੇ ਸਾਹਿਬ ਸਿੰਘ ਵਰਮਾ ਨੂੰ ਹਰਾ ਦਿੱਤਾ ਸੀ। ਉਹੀ ਸਾਹਿਬ ਸਿੰਘ ਵਰਮਾ ਬਾਅਦ ਵਿੱਚ ਦਿੱਲੀ ਦੇ ਮੁੱਖ ਮੰਤਰੀ ਬਣੇ ਸਨ। ਫਿਰ ਸੱਜਣ ਕੁਮਾਰ ਨੂੰ 2004 ਵਿੱਚ ਕਾਂਗਰਸ ਨੇ ਟਿਕਟ ਦਿੱਤੀ ਅਤੇ ਉਸ ਨੇ ਲੋਕ ਸਭਾ ਚੋਣ ਵੀ ਜਿੱਤੀ ਸੀ। ਇਸ ਤੋਂ ਬਾਅਦ 2004 ਅਤੇ 2009 ਵਿੱਚ ਕਾਂਗਰਸ ਨੇ ਸਿੱਖਾਂ ਦੀ ਨਾਰਾਜ਼ਗੀ ਕਾਰਨ ਟਿਕਟ ਨਹੀਂ ਸੀ ਦਿੱਤੀ। ਸੱਜਣ ਕੁਮਾਰ ਨੂੰ ਕਾਂਗਰਸ ਦੇ ਵੱਡੇ ਆਗੂਆਂ ਨਾਲ ਕਿਸੇ ਥਾਂ ਜਾਣ ਤੋਂ ਮਨ੍ਹਾ ਕਰ ਦਿੱਤਾ ਜਾਂਦਾ ਸੀ।

# ਭਾਰਤ ਦੇ ਆਮ ਨਾਗਰਿਕ ਤਿੰਨ ਸਾਲਾਂ ਦੇ ਲਈ ਆਰਮੀ ਵਿੱਚ ਜਾ ਸਕਣਗੇ

ਨਵੀਂ ਦਿੱਲੀ, 14 ਮਈ (ਪੋਸਟ ਬਿਊਰੋ)- ਭਾਰਤੀ ਫੌਜ ਆਮ ਨਾਗਰਿਕਾਂ ਨੂੰ ਵੀ ਫੌਜ ਵਿੱਚ ਡਿਊਟੀ ਕਰਨ ਦਾ ਮੌਕਾ ਦੇਣ ਬਾਰੇ ਵਿਚਾਰ ਕਰ ਰਹੀ ਹੈ। 'ਟੂਰ ਆਫ ਡਿਊਟੀ' ਹੇਠ ਆਮ ਭਾਰਤੀ ਨੂੰ ਤਿੰਨ ਸਾਲ ਲਈ ਫੌਜ ਵਿੱਚ ਭਰਤੀ ਕਰਨ ਦਾ ਪ੍ਰਸਤਾਵ ਮਨਜ਼ੂਰ ਹੋ ਜਾਂਦਾ ਹੈ ਤਾਂ ਦੇਸ਼ ਦੇ ਲਈ ਇਹ ਬਹੁਤ ਹੀ ਮਹੱਤਵ ਪੂਰਨ ਕਦਮ ਹੋਵੇਗਾ।



ਇਸ ਸੰਬੰਧ ਵਿੱਚ ਭਾਰਤੀ ਫੌਜ ਦੇ ਬੁਲਾਰੇ ਨੇ ਕਿਹਾ ਕਿ ਆਮ ਨਾਗਰਿਕਾਂ ਨੂੰ ਤਿੰਨ ਸਾਲ ਲਈ ਫੌਜ ਵਿੱਚ ਲੈਣ ਦੇ ਪ੍ਰਸਤਾਵ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਫੌਜ ਤੇਜ਼-ਤਰਾਰ ਨੌਜਵਾਨਾਂ ਨੂੰ ਫੌਜ ਵਿੱਚ ਸ਼ਾਮਲ ਕਰਨਾ ਚਾਹੁੰਦੀ ਹੈ। ਇਸ ਪ੍ਰਸਤਾਵ ਨਾਲ ਫੌਜ ਨੂੰ ਇਹ ਲੋੜ ਪੂਰੀ ਕਰਨ ਵਿੱਚ ਆਸਾਨੀ ਹੋਵੇਗੀ। ਇਸ ਸਮੇਂ ਵਿੱਚ ਸ਼ਾਰਟ ਸਰਵਿਸ ਕਮਿਸ਼ਨ ਦੇ ਰਾਹੀਂ ਫੌਜ ਵਿੱਚ ਭਰਤੀ ਹੋਣ ਵਾਲਿਆਂ ਨੂੰ ਘੱਟੋ ਘੱਟ 10 ਸਾਲ ਦੀ ਨੌਕਰੀ ਕਰਨੀ ਹੁੰਦੀ ਹੈ। ਫੌਜ ਵਿੱਚ ਇਸ ਤੋਂ ਘੱਟ ਮਿਆਦ ਦੀ ਡਿਊਟੀ ਦਾ ਨਿਯਮ ਅਜੇ ਨਹੀਂ ਹੈ। ਸੂਤਰਾਂ ਨੇ ਦੱਸਿਆ ਕਿ 13 ਲੱਖ ਜਵਾਨਾਂ ਦੀ ਸਮਰੱਥਾ ਵਾਲੀ ਫੌਜ ਵਿੱਚ ਸੁਧਾਰ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਦੇ ਤਹਿਤ ਇਸ ਪ੍ਰਸਤਾਵ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਸ਼ਾਰਟ ਸਰਵਿਸ ਕਮਿਸ਼ਨ ਦੇ ਨਿਯਮਾਂ ਦੀ ਵੀ ਸਮੀਖਿਆ ਕੀਤੀ ਜਾ ਰਹੀ ਹੈ ਤਾਂ ਕਿ ਇਸ ਨੂੰ ਨੌਜਵਾਨਾਂ ਲਈ ਹੋਰ ਆਕਰਸ਼ਕ ਬਣਾਇਆ ਜਾ ਸਕੇ। ਫੌਜ ਪਿਛਲੇ ਕਈ ਸਾਲਾਂ ਤੋਂ ਅਧਿਕਾਰੀਆਂ ਦੀ ਕਮੀ ਨਾਲ ਜੂਝ ਰਹੀ ਹੈ।

## ਹਥਿਆਰਬੰਦ ਫੋਰਸਾਂ ਦੀਆਂ ਕੰਟੀਨਾਂ ਵਿੱਚ ਸਿਰਫ ਦੇਸੀ ਸਾਮਾਨ ਹੀ ਵਿਕਣਗੇ : ਸ਼ਾਹ

ਨਵੀਂ ਦਿੱਲੀ, 14 ਮਈ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਕੇਂਦਰੀ ਰਿਜ਼ਰਵ ਪੁਲਸ ਬਲ (ਸੀ ਆਰ ਪੀ ਐੱਫ) ਅਤੇ ਸਰਹੱਦੀ ਸੁਰੱਖਿਆ ਫੋਰਸ (ਬੀ ਐੱਸ ਐੱਫ) ਵਰਗੇ ਕੇਂਦਰੀ ਹਥਿਆਰਬੰਦ ਪੁਲਸ ਬਲਾਂ (ਸੀ ਏ ਪੀ ਐੱਫ) ਦੀਆਂ ਸਾਰੀਆਂ ਕੰਟੀਨਾਂ ਵਿੱਚ ਇੱਕ ਜੂਨ ਤੋਂ ਸਿਰਫ ਦੇਸੀ ਸਾਮਾਨ ਦੀ ਵਿਕਰੀ ਹੋਵੇਗੀ।

ਅਮਿਤ ਸ਼ਾਹ ਨੇ ਕਿਹਾ ਕਿ ਸੀ ਏ ਪੀ ਐੱਫ ਦੇ ਲਗਭਗ 10 ਲੱਖ ਜਵਾਨਾਂ ਦੇ ਪਰਵਾਰਾਂ ਦੇ ਪੰਜਾਹ ਲੱਖ ਜੀਆਂ ਲਈ ਅੱਗੇ ਤੋਂ ਸਿਰਫ ਦੇਸੀ ਚੀਜ਼ਾਂ ਦੀ ਵਿਕਰੀ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਆਤਮ ਨਿਰਭਰ ਬਣਾਉਣ ਅਤੇ ਭਾਰਤ ਵਿੱਚ ਬਣੇ ਸਾਮਾਨ ਹੀ ਵਰਤਣ ਦੀ ਅਪੀਲ ਕੀਤੀ ਹੈ, ਜਿਸ ਪਿੱਛੋਂ ਗ੍ਰਹਿ ਮੰਤਰਾਲੇ ਨੇ ਇਹ ਫੈਸਲਾ ਕੀਤਾ ਹੈ। ਉਨ੍ਹਾਂ ਨੇ ਦੇਸ਼ ਦੇ ਲੋਕਾਂ ਨੂੰ ਦੇਸ਼ ਵਿੱਚ ਬਣੀਆਂ ਚੀਜ਼ਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਕਿਹਾ ਹੈ। ਅਮਿਤ ਸ਼ਾਹ ਨੇ ਕਿਹਾ ਕਿ ਗ੍ਰਹਿ ਮੰਤਰਾਲੇ ਨੇ ਫੈਸਲਾ ਕੀਤਾ ਹੈ ਕਿ ਸਾਰੇ ਕੇਂਦਰੀ ਹਥਿਆਰਬੰਦ ਪੁਲਸ ਬਲਾਂ ਦੀਆਂ ਕੰਟੀਨਾਂ ਵਿੱਚ ਸਿਰਫ ਦੇਸ਼ ਵਿੱਚ ਬਣੀਆਂ ਚੀਜ਼ਾਂ ਵਿਕਣਗੀਆਂ। ਇਹ ਫੈਸਲਾ ਇੱਕ ਜੂਨ 2020 ਤੋਂ ਦੇਸ਼ ਦੀਆਂ ਸਾਰੀਆਂ ਸੀ ਏ ਪੀ ਐੱਫ ਕੰਟੀਨਾਂ ਵਿੱਚ ਲਾਗੂ ਹੋਵੇਗਾ। ਸੀ ਏ ਪੀ ਐੱਫ ਵਿੱਚ ਸੀ ਆਰ ਪੀ ਐੱਫ, ਬੀ ਐੱਸ ਐੱਫ, ਸੀ ਆਈ ਐੱਸ ਐੱਫ, ਆਈ ਟੀ ਬੀ ਪੀ, ਐੱਸ ਐੱਸ ਬੀ, ਐੱਨ ਐੱਸ ਜੀ ਅਤੇ ਆਸਾਮ ਰਾਈਫਲਜ਼ ਆਉਂਦੇ ਹਨ ਅਤੇ ਇਨ੍ਹਾਂ ਕੰਟੀਨਾਂ ਵਿੱਚ ਸਾਲਾਨਾ 2800 ਕਰੋੜ ਰੁਪਏ ਮੁੱਲ ਦੀਆਂ ਚੀਜ਼ਾਂ ਦੀ ਵਿਕਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਹਰ ਭਾਰਤੀ ਜੇ ਭਾਰਤ ਦੀਆਂ ਚੀਜ਼ਾਂ ਵਰਤਣਾ ਸ਼ੁਰੂ ਕਰੇ ਤਾਂ ਪੰਜ ਸਾਲਾਂ ਵਿੱਚ ਦੇਸ਼ ਆਤਮ ਨਿਰਭਰ ਬਣ ਸਕਦਾ ਹੈ।

## 900 ਸਾਲ ਪਹਿਲਾਂ ਕਈ ਮਹੀਨੇ ਚੰਦ ਨਹੀਂ ਸੀ ਦਿੱਸਿਆ

ਨਵੀਂ ਦਿੱਲੀ, 14 ਮਈ (ਪੋਸਟ ਬਿਊਰੋ)- ਬਹੁਤ ਸਾਰੇ ਲੋਕਾਂ ਨੇ ਕਹਾਣੀਆਂ 'ਚ ਸੁਣਿਆ ਹੈ ਕਿ ਚੰਦ ਗਾਇਬ ਹੋ ਗਿਆ ਸੀ ਤੇ ਕਈ ਰਾਤਾਂ ਦਿਖਾਈ ਨਹੀਂ ਸੀ ਦਿੱਤਾ, ਪਰ ਇਹ ਕਹਾਣੀ ਨਹੀਂ, ਸੱਚ ਹੈ। ਇੱਕ ਸਾਲ ਇਹੋ ਜਿਹਾ ਆਇਆ ਸੀ, ਜਦੋਂ ਕਈ ਮਹੀਨਿਆਂ ਤੱਕ ਧਰਤੀ ਤੋਂ ਚੰਦ ਦਿਖਾਈ ਨਹੀਂ ਦਿੱਤਾ ਸੀ। ਕਰੀਬ 910 ਸਾਲ ਪਹਿਲਾਂ ਕਈ ਮਹੀਨਿਆਂ ਤੱਕ ਦਿਨ ਦੀ ਰੋਸ਼ਨੀ ਤਾਂ ਰਹੀ, ਪਰ ਰਾਤ ਹੁੰਦੇ ਸਾਰ ਚੰਦ ਨਹੀਂ ਸੀ ਦਿੱਸ-ਦਾ। ਏਦਾਂ ਧਰਤੀ ਦੇ ਇੱਕ ਵਰਤਾਰ ਕਾਰਨ ਹੋਇਆ ਸੀ। ਇਸ ਗੱਲ ਨੇ ਵਿਗਿਆਨੀਆਂ ਨੂੰ ਬਹੁਤ ਹੈਰਾਨ ਕੀਤਾ ਸੀ।

ਸਵਿਟਜ਼ਰਲੈਂਡ ਦੀ ਜੈਨੇਵਾ ਯੂਨੀਵਰਸਿਟੀ ਦੇ ਵਿਗਿਆਨੀਆਂ ਨੂੰ ਖੋਜ ਵਿੱਚ ਇਹ ਗੱਲ ਪਤਾ ਲੱਗੀ ਹੈ ਕਿ 1140 ਵਿੱਚ ਆਈਸਲੈਂਡ ਦੇ ਜਵਾਲਾਮੁਖੀ ਹੇਕਲਾ ਵਿੱਚ ਭਿਆਨਕ ਧਮਾਕਾ ਹੋਇਆ ਤੇ ਇਸ ਪਿੱਛੋਂ ਉਸ ਵਿੱਚ ਲਗਾਤਾਰ ਛੋਟੇ-ਛੋਟੇ ਧਮਾਕਿਆਂ ਨਾਲ ਭਾਰੀ ਮਾਤਰਾ 'ਚ ਸਲਫਰ ਗੈਸ ਅਤੇ ਸੁਆਹ ਨਿਕਲੀ ਅਤੇ ਸਰਦੀਆਂ ਕਾਰਨ ਹਵਾ ਵਿੱਚ ਘੁਲਦੀ ਗਈ। ਹੌਲੀ-ਹੌਲੀ ਚਾਰ ਸਾਲਾਂ 'ਚ ਇਸ ਨੇ ਧਰਤੀ ਦੇ ਸਟ੍ਰੈਟੋਸਫੀਅਰ ਨੂੰ ਢੱਕ ਦਿੱਤਾ। ਇਸ ਨਾਲ ਪੂਰੀ ਧਰਤੀ 'ਤੇ ਚਾਰੇ ਪਾਸੇ ਹਨੇਰਾ ਛਾ ਗਿਆ। ਸਾਲ 1108 ਤੋਂ 1113 ਤੱਕ ਧਰਤੀ ਦੇ ਉਪਰ ਕਈ ਮਹੀਨਿਆਂ ਤੱਕ ਦਿਨ 'ਚ ਥੋੜ੍ਹੀ ਰੋਸ਼ਨੀ ਤਾਂ ਪਤਾ ਚਲਦੀ ਸੀ, ਪਰ ਰਾਤ ਪੂਰੀ ਕਾਲੀ ਹੋ ਜਾਂਦੀ ਸੀ ਅਤੇ ਧਰਤੀ ਦੇ ਕਿਸੇ ਵੀ ਕੋਨੇ ਤੋਂ ਚੰਦ ਦਿਖਾਈ ਨਹੀਂ ਦਿੰਦਾ ਸੀ। ਹੇਲਕਾ ਜਵਾਲਾਮੁਖੀ ਆਈਸਲੈਂਡ ਦੇ ਦੱਖਣ 'ਚ ਹੈ। ਇਹ ਆਈਲੈਂਡ ਦੇ ਕੁਝ ਸਰਗਰਮ ਜਵਾਲਾਮੁਖੀਆਂ ਵਿੱਚੋਂ ਇੱਕ ਹੈ। ਸਾਲ 874 ਤੋਂ ਅੱਜ ਤੱਕ ਇਹ ਜਵਾਲਾਮੁਖੀ ਲਗੱਭਗ 20 ਵਾਰ ਭਿਆਨਕ ਤੌਰ 'ਤੇ ਫਟ ਚੁੱਕਾ ਹੈ। ਆਖ਼ਰੀ ਵਾਰ ਇਹ 26 ਫਰਵਰੀ 2000 ਨੂੰ ਫਟਿਆ ਸੀ।

# ਕੋਰੋਨਾ ਸੰਕਟ ਕਾਰਨ ਮਹਾਰਾਸ਼ਟਰ ਨੇ ਕੇਂਦਰ ਤੋਂ ਪੈਰਾ ਮਿਲਟਰੀ ਦੀਆਂ 20 ਕੰਪਨੀਆਂ ਮੰਗੀਆਂ

ਮੁੰਬਈ, 14 ਮਈ (ਪੋਸਟ ਬਿਊਰੋ)- ਮਹਾਰਾਸ਼ਟਰ ਸਰਕਾਰ ਨੇ ਕੋਰੋਨਾ ਮਹਾਮਾਰੀ ਵਿੱਚ ਪੁਲਸ 'ਤੇ ਵਧਦੇ ਦਬਾਅ ਨੂੰ ਘੱਟ ਕਰਨ ਲਈ ਕੇਂਦਰ ਸਰਕਾਰ ਤੋਂ ਅਰਧ ਫੌਜੀ ਫੋਰਸ ਦੀਆਂ 20 ਕੰਪਨੀਆਂ ਦੀ ਮੰਗ ਕੀਤੀ ਹੈ।



ਇਸ ਰਾਜ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੇ ਇਸ ਬਾਰੇ ਕੇਂਦਰ ਨੂੰ ਚਿੱਠੀ ਲਿਖੀ ਹੈ। ਉਨ੍ਹਾਂ ਨੇ ਸੂਬੇ ਦੀ ਪੁਲਸ ਦੀ ਮਦਦ ਲਈ 20 ਕੰਪਨੀਆਂ ਕੇਂਦਰੀ ਹਥਿਆਰਬੰਦ ਪੁਲਸ ਬਲਾਂ (ਸੀ ਏ ਪੀ ਐੱਫ) ਦੀ ਮੰਗ ਕੀਤੀ ਹੈ। ਦੇਸ਼ਮੁਖ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਤੇ ਇਸ ਦੇ ਪਸਾਰ ਨੂੰ ਰੋਕਣ ਦੇ ਲਈ ਕੀਤੇ ਲਾਕਡਾਊਨ ਦਾ ਪਾਲਣ ਕਰਾਉਣ ਲਈ ਦਿਨ ਰਾਤ ਮਿਹਨਤ ਕਰ ਰਹੀ ਪੁਲਸ ਇਨ੍ਹੀਂ ਦਿਨੀਂ ਬੇਹੱਦ ਚੁਣੌਤੀ ਪੂਰਨ ਹਾਲਾਤਾਂ ਵਿੱਚ ਕੰਮ ਕਰ ਰਹੀ ਹੈ। ਅਜੇ ਰਮਜ਼ਾਨ ਚੱਲ ਰਿਹਾ ਹੈ ਤੇ ਈਦ ਆਉਣ ਵਾਲੀ ਹੈ। ਅਸੀਂ ਨਹੀਂ ਚਾਹੁੰਦੇ ਕਿ ਪੁਲਸ ਕੰਮ ਦੇ ਬੋਝ ਹੇਠ ਦੱਬ ਕੇ ਘਬਰਾ ਜਾਏ ਇਸ ਲਈ ਕੇਂਦਰ ਤੋਂ ਮਦਦ ਮੰਗੀ ਹੈ। ਮਹਾਰਾਸ਼ਟਰ ਵਿੱਚ ਸੀ ਆਰ ਪੀ ਐੱਫ ਦੀਆਂ 32 ਕੰਪਨੀਆਂ ਪਹਿਲਾਂ ਤੋਂ ਤੈਨਾਤ ਹਨ। ਸੂਬੇ ਵਿੱਚ ਅੱਠ ਪੁਲਸ ਮੁਲਾਜ਼ਮਾਂ ਦੀ ਕੋਵਿਡ-19 ਨਾਲ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿੱਚ ਪੰਜ ਮੁੰਬਈ ਦੇ ਵਾਸੀ ਹਨ। ਏਥੇ ਕੁੱਲ 1000 ਤੋਂ ਵੱਧ ਪੁਲਸ ਮੁਲਾਜ਼ਮ ਕੋਰੋਨਾ ਪੀੜਤ ਹਨ। ਮੁੱਖ ਮੰਤਰੀ ਊਧਵ ਠਾਕਰੇ ਨੇ ਕੱਲ੍ਹ ਕਿਹਾ ਸੀ ਕਿ ਪੁਲਸ 'ਤੇ ਦਬਾਅ ਘੱਟ ਕਰਨ ਦੇ ਲਈ ਸੂਬੇ ਵਿੱਚ ਕੇਂਦਰੀ ਸੁਰੱਖਿਆ ਬਲ ਦੀ ਮਦਦ ਲਈ ਜਾਏਗੀ।

# ਜਮਾਤ ਵਾਲੇ ਵਿਦੇਸ਼ੀਆਂ ਦੇ ਬਿਆਨ ਸਾਦ ਦੀ ਜਾਂਚ ਵਿੱਚ ਅਹਿਮ, 737 ਪਾਸਪੋਰਟ ਜ਼ਬਤ

ਨਵੀਂ ਦਿੱਲੀ, 14 ਮਈ (ਪੋਸਟ ਬਿਊਰੋ)- ਦਿੱਲੀ ਸਰਕਾਰ ਨੇ ਕੁਆਰੰਟਾਈਨ ਦੀ ਮਿਆਦ ਪੂਰੀ ਕਰ ਚੁੱਕੇ ਤਬਲੀਗੀ ਜਮਾਤ ਦੇ 4000 ਮੈਂਬਰਾਂ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ ਹੈ, ਪਰ ਇਨ੍ਹਾਂ ਵਿਚੋਂ ਬਹੁਤੇ ਲੋਕ ਨਾ ਘਰ ਵਾਪਸ ਆ ਸਕਣਗੇ ਅਤੇ ਨਾ ਵਿਦੇਸ਼। ਕਾਰਨ ਇਹ ਹੈ ਕਿ ਦਿੱਲੀ ਪੁਲਸ ਦੀ ਕਰਾਈਮ ਬ੍ਰਾਂਚ ਨੇ ਇਨ੍ਹਾਂ ਵਿੱਚੋਂ 737 ਜਣਿਆਂ ਦੇ ਪਾਸਪੋਰਟ ਅਤੇ ਟਰੈਵਲ ਦਸਤਾਵੇਜ਼ਾਂ ਨੂੰ ਜ਼ਬਤ ਕਰ ਲਿਆ ਹੈ।



ਦਿੱਲੀ ਪੁਲਸ ਦੇ ਮੁਤਾਬਕ ਕੁਆਰੰਟਾਈਨ ਕੀਤੇ ਗਏ ਇਨ੍ਹਾਂ ਵਿਦੇਸ਼ੀਆਂ ਦੇ ਬਿਆਨ ਅਸਲ ਵਿੱਚ ਤਬਲੀਗੀ ਦੀ ਜਮਾਤ ਦੇ ਮੁਖੀ ਮੌਲਾਨਾ ਸਾਦ ਦੀ ਗ੍ਰਿਫ਼ਤਾਰੀ ਦੇ ਲਈ ਬੇਹਿਦ ਅਹਿਮ ਹਨ, ਇਸ ਲਈ ਇਨ੍ਹਾਂ ਨੂੰ ਅਜੇ ਰੋਕਿਆ ਗਿਆ ਹੈ। ਇਸ ਕੇਸ ਅੱਜ ਤੱਕ ਪੁਲਸ 45 ਲੋਕਾਂ ਨੂੰ ਨਾਮਜ਼ਦ ਵੀ ਕਰ ਚੁਕੀ ਹੈ, ਜਿਨ੍ਹਾਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇਗਾ। ਇਸ ਦੇ ਬਿਨਾ ਇਸ ਕਾਂਡ ਬਾਰੇ ਦਿੱਲੀ ਪੁਲਸ ਨੇ ਸਰਕਾਰ ਨੂੰ ਕਿਹਾ ਹੈ ਕਿ ਕੁਆਰੰਟਾਈਨ ਦੀ ਮਿਆਦ ਪੂਰੀ ਕਰ ਚੁੱਕੇ ਲੋਕਾਂ ਨੂੰ ਪਹਿਲਾਂ ਕਰਾਈਮ ਬ੍ਰਾਂਚ ਦੀ ਜਾਂਚ ਪ੍ਰਕਿਰਿਆ ਤੋਂ ਗੁਜਰਨਾ ਹੋਵੇਗਾ, ਇਸ ਲਈ ਉਨ੍ਹਾਂ ਨੂੰ ਅਜੇ ਭੇਜਿਆ ਨਹੀਂ ਜਾ ਸਕਦਾ। ਇਸ ਪਿੱਛੋਂ ਸਰਕਾਰ ਨੇ ਵੀ ਆਪਣੇ ਪਹਿਲੇ ਫੈਸਲੇ 'ਤੇ ਰੋਕ ਲਾ ਦਿੱਤੀ ਹੈ।

# ਰੈਮਡੇਸਿਵਿਰ ਦਵਾਈ ਬਣਵਾ ਕੇ ਭਾਰਤੀ ਕੰਪਨੀਆਂ ਵੇਚਣਗੀਆਂ

ਨਵੀਂ ਦਿੱਲੀ, 14 ਮਈ (ਪੋਸਟ ਬਿਊਰੋ)- ਦੋ ਭਾਰਤੀ ਫਾਰਮਾ ਕੰਪਨੀਆਂ ਵੀ ਕੋਰੋਨਾ ਦੇ ਇਲਾਜ ਵਿੱਚ ਮਦਦਗਾਰ ਰੈਮ-ਡੇਸਿਵਿਰ ਦਵਾਈ ਦਾ ਉਤਪਾਦਨ ਕਰਨ ਦੇ ਨਾਲ-ਨਾਲ ਛੇਤੀ ਹੀ ਉਸ ਨੂੰ ਵੇਚਣਗੀਆਂ। ਸਿਪਲਾ ਅਜੇ ਜੁਬੀਲੈਂਟ ਲਾਈਫ ਸਾਇੰਸਿਜ਼ ਨੇ ਰੈਮ-ਡੇਸਿਵਿਰ ਵੇਚਣ ਲਈ ਅਮਰੀਕੀ ਦਵਾਈ ਕੰਪਨੀ ਨਾਲ ਲਾਇਸੈਂਸਿੰਗ ਐਗਰੀਮੈਂਟ ਕੀਤਾ ਹੈ। ਇਸ ਤੋਂ ਬਾਅਦ ਦੋਵਾਂ ਕੰਪਨੀਆਂ ਭਾਰਤ ਸਣੇ ਦੁਨੀਆ ਦੇ 127 ਦੇਸ਼ਾਂ ਵਿੱਚ ਇਹ ਦਵਾਈ ਵੇਚ ਸਕਣਗੀਆਂ। ਦੋਹਾਂ ਭਾਰਤੀ ਕੰਪਨੀਆਂ ਦਵਾਈ 'ਤੇ ਆਪਣੇ ਬ੍ਰਾਂਡ ਦਾ ਵਰਤੋਂ ਵੀ ਕਰ ਸਕਣਗੀਆਂ। ਸਿਪਲਾ ਅਤੇ ਜੁਬੀਲੈਂਟ ਦੋਹਾਂ ਨੇ ਇਸ ਅਮਰੀਕੀ ਕੰਪਨੀ ਨਾਲ ਕਰਾਰ ਹੋਣ ਦੀ ਪੁਸ਼ਟੀ ਕੀਤੀ ਹੈ।

ਅਮਰੀਕੀ ਦਵਾਈ ਕੰਪਨੀ ਗਿਲਿਯਡ ਸਾਇੰਸਿਜ਼ ਮੁਤਾਬਕ ਆਮ ਤੌਰ 'ਤੇ ਕੋਰੋਨਾ ਮਰੀਜ਼ਾਂ ਵਿੱਚ 10 ਦਿਨ ਦੇ ਇਲਾਜ ਤੋਂ ਬਾਅਦ ਸੁਧਾਰ ਦੇਖਣ ਮਿਲਦਾ ਹੈ। ਰੈਮਡੇਸਿਵਿਰ ਦੇ ਕਲੀਨੀਕਲ ਟ੍ਰਾਇਲ ਵੇਲੇ 5 ਦਿਨ ਤੱਕ ਇਸ ਦਵਾਈ ਕੋਰਸ ਲੈਣ ਵਾਲੇ ਰੋਗੀਆਂ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ। ਇਹ ਦਵਾਈ ਕਿਸੇ ਟੈਬਲੇਟ ਫਾਰਮ ਵਿੱਚ ਨਹੀਂ, ਸਗੋਂ ਲਿਕਵਿਡ ਹੁੰਦੀ ਹੈ, ਜਿਸ ਨੂੰ ਨਸਾਂ ਨਾਲ ਮਰੀਜ਼ਾਂ ਦੇ ਸਰੀਰ ਵਿੱਚ ਇੰਜੈਕਟ ਕੀਤਾ ਜਾਂਦਾ ਹੈ। ਰੈਮਡੇਸਿਵਿਰ ਦਵਾਈ ਦਾ ਕਲੀਨੀਕਲ ਟ੍ਰਾਇਲ ਇਸੇ ਮਹੀਨੇ ਪੂਰਾ ਹੋਇਆ ਹੈ। ਇਸ ਤੋਂ ਬਾਅਦ ਅਮਰੀਕਾ ਦੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐਫ ਡੀ ਏ) ਨੇ ਇਸ ਨੂੰ ਕੋਰੋਨਾ ਮਰੀਜ਼ਾਂ 'ਤੇ ਇਸਤੇਮਾਲ ਕੀਤੀ ਮਨਜ਼ੂਰੀ ਦਿੱਤੀ ਹੈ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ ਸੀ ਐਮ ਆਰ) ਨੇ ਵੀ ਇਸ ਦਵਾਈ ਨੂੰ ਇਨਫੈਕਟਿਡਾਂ ਦੇ ਇਲਾਜ ਵਿੱਚ ਕਾਰਗਰ ਦੱਸਿਆ ਹੈ।

# ਲਾਕਡਾਊਨ ਦੌਰਾਨ ਅਪ੍ਰੈਲ ਵਿੱਚ 2.70 ਕਰੋੜ ਭਾਰਤੀ ਲੋਕਾਂ ਨੇ ਨੌਕਰੀ ਗਵਾਈ



ਨਵੀਂ ਦਿੱਲੀ, 14 ਮਈ (ਪੋਸਟ ਬਿਊਰੋ)- ਭਾਰਤ ਵਿੱਚ ਲਾਕਡਾਊਨ ਦੇ ਦੌਰਾਨ ਵੱਡੀ ਗਿਣਤੀ 'ਚ ਨੌਜਵਾਨ ਬੇਰੋਜ਼ਗਾਰ ਹੋ ਗਏ ਹਨ। ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ ਐਮ ਆਈ ਈ) ਨੇ ਦੱਸਿਆ ਕਿ ਦੇਸ਼ 'ਚ 20 ਤੋਂ 30 ਸਾਲ ਉਮਰ ਵਰਗ ਦੇ 2 ਕਰੋੜ 70 ਲੱਖ ਨੌਜਵਾਨਾਂ ਨੂੰ ਅਪ੍ਰੈਲ 'ਚ ਨੌਕਰੀ ਤੋਂ ਹੱਥ ਧੋਣਾ ਪਿਆ ਹੈ।

ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਨੂੰ ਰੋਕਣ ਲਈ ਭਾਰਤ 'ਚ 25 ਮਾਰਚ ਤੋਂ ਲਾਕਡਾਊਨ ਲਾਗੂ ਕੀਤਾ ਗਿਆ ਸੀ, ਜੋ ਤਿੰਨ ਵੱਖ-ਵੱਖ ਫੇਜ਼ ਤੋਂ ਹੁੰਦੇ ਹੋਏ ਅਜੇ ਤੱਕ ਜਾਰੀ ਹੈ। ਕਰੀਬ 50 ਦਿਨਾਂ ਦੇ ਲਾਕਡਾਊਨ ਦੌਰਾਨ ਦੇਸ਼ ਦੀਆਂ ਕਈਆਂ ਕੰਪਨੀਆਂ ਤੇ ਬਿਜ਼ਨੈਸ ਨੂੰ ਘਾਟਾ ਹੋਇਆ ਹੈ। ਸੀ ਐਮ ਆਈ ਈ ਦੇ ਖਪਤਕਾਰ ਪਿਰਾਮਿਡ ਘਰੇਲੂ ਸਰਵੇ ਦੇ ਡਾਟਾ ਤੋਂ ਪਤਾ ਚੱਲਦਾ ਹੈ ਕਿ ਨੌਕਰੀ ਗਵਾਉਣ ਵਾਲੇ 11 ਫੀਸਦੀ ਲੋਕ 20-24 ਸਾਲ ਦੀ ਉਮਰ ਦੇ ਨੌਜਵਾਨ ਸਨ। ਇਸ 'ਚ 2019-20 'ਚ ਕੁਲ ਰੋਜ਼ਗਾਰ ਪਾਉਣ ਵਾਲੇ ਲੋਕਾਂ ਦਾ ਇਹ 8.5 ਫ਼ੀਸਦੀ ਹੈ। 2019-20 'ਚ 3 ਕਰੋੜ 42 ਲੱਖ ਨੌਜਵਾਨ ਪੁਰਸ਼ ਅਤੇ ਔਰਤਾਂ ਨੂੰ ਰੋਜ਼ਗਾਰ ਹਾਸਲ ਸੀ। ਅਪ੍ਰੈਲ 2020 'ਚ ਇਨ੍ਹਾਂ ਦੀ ਗਿਣਤੀ ਘੱਟ ਕੇ 2 ਕਰੋੜ 9 ਹਜ਼ਾਰ ਰਹਿ ਗਈ। ਇਸ ਦੌਰਾਨ ਸੀ ਐਮ ਆਈ ਈ ਦੀ ਵੀਕਲੀ ਰਿਪੋਰਟ ਅਨੁਸਾਰ 10 ਮਈ ਨੂੰ ਖ਼ਤਮ ਹੋਏ ਹਫ਼ਤੇ 'ਚ ਬੇਰੋਜ਼ਗਾਰੀ ਦਰ 'ਚ ਸੁਧਾਰ ਹੋਇਆ ਹੈ। ਇਹ 27.1 ਫੀਸਦੀ ਤੋਂ ਘੱਟ ਕੇ 24 ਫੀਸਦੀ 'ਤੇ ਆ ਗਈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਦੌਰਾਨ ਲੇਬਰ ਪਾਰਟੀਸੀਪੇਸ਼ਨ 36.2 ਫੀਸਦੀ ਤੋਂ ਵੱਧ ਕੇ 37.6 ਫੀਸਦੀ ਹੋ ਗਿਆ ਹੈ। ਜਿਹੜੇ ਇਲਾਕੇ ਗਰੀਨ ਅਤੇ ਆਰੇਂਜ ਸਰਕਲ ਵਿੱਚ ਹਨ, ਉਥੇ ਸਰਕਾਰ ਉਦਯੋਗਾਂ ਨੂੰ ਹੌਲੀ-ਹੌਲੀ ਖੋਲ੍ਹਣ ਦੀ ਆਗਿਆ ਦੇ ਰਹੀ ਹੈ। ਇਸ ਨਾਲ ਰੋਜ਼ਗਾਰ ਦਰ 26.4 ਤੋਂ ਵੱਧ ਕੇ 28.6 ਫੀਸਦੀ ਹੋ ਗਈ ਹੈ। ਦੂਜੇ ਪਾਸੇ 25-29 ਸਾਲ ਦੀ ਉਮਰ ਦੇ 1 ਕਰੋੜ 40 ਲੱਖ ਨੌਜਵਾਨਾਂ ਦੀਆਂ ਨੌਕਰੀਆਂ ਖੁੱਸ ਗਈਆਂ। ਇਸ ਉਮਰ ਦੇ ਲੋਕਾਂ ਦੀ 2019-20 'ਚ ਕੁਲ ਰੋਜ਼ਗਾਰ 'ਚ 11.1 ਫੀਸਦੀ ਹਿੱਸੇਦਾਰੀ ਸੀ, ਪਰ ਜਾਬ ਲਾਸ 11.5 ਫੀਸਦੀ ਰਿਹਾ ਸੀ। ਉਥੇ ਹੀ 30 ਸਾਲ ਦੀ ਉਮਰ ਦੇ 3 ਕਰੋੜ 30 ਲੱਖ ਪੁਰਸ਼ਾਂ ਅਤੇ ਔਰਤਾਂ ਨੇ ਅਪ੍ਰੈਲ 'ਚ ਆਪਣੀ ਨੌਕਰੀ ਗਵਾਈ ਹੈ। ਇਸ 'ਚੋਂ 86 ਫੀਸਦੀ ਨੌਕਰੀਆਂ ਪੁਰਸ਼ਾਂ ਦੀਆਂ ਗਈਆਂ ਹਨ ਅਤੇ ਇਹ ਵਰਤਾਰਾ ਅਜੇ ਵੀ ਜਾਰੀ ਹੈ।

# ਕੇਂਦਰ ਨੇ ਏਅਰਲਾਈਨਾਂ ਨੂੰ ਕਿਹਾ, 80 ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਯਾਤਰਾ ਨਾ ਕਰਾਉ

ਨਵੀਂ ਦਿੱਲੀ, 14 ਮਈ (ਪੋਸਟ ਬਿਊਰੋ)- ਭਾਰਤ ਵਿੱਚ ਲਾਕਡਾਊਨ ਖ਼ਤਮ ਹੋਣ ਦੇ ਬਾਅਦ ਉਡਾਣਾਂ ਸ਼ੁਰੂ ਕਰਨ ਲਈ ਤਿਆਰੀਆਂ ਹੋ ਰਹੀਆਂ ਹਨ, ਪਰ ਇਸ ਦੌਰਾਨ ਜਦੋਂ ਉਡਾਣਾਂ ਸ਼ੁਰੂ ਹੋਣਗੀਆਂ ਤਾਂ ਯਾਤਰੀਆਂ ਤੇ ਏਅਰਲਾਈਨਾਂ ਨੂੰ ਕੁਝ ਸਾਵਧਾਨੀਆਂ ਵਰਤਣ ਬਾਰੇ ਹਦਾਇਤਾਂ ਜਾਰੀ ਹੋਣ ਦਾ ਪਤਾ ਲੱਗਾ ਹੈ।




ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਸਾਰੀਆਂ ਏਅਰਲਾਈਨਾਂ ਤੇ ਏਅਰਪੋਰਟ ਆਪਰੇਟਰਾਂ ਨੂੰ ਸਟੈਂਡਰਡ ਆਪਰੇਟਿੰਗ ਪ੍ਰੋਸੀਜਰ (ਐੱਸ ਓ ਪੀ) ਜਾਰੀ ਕੀਤਾ ਦੱਸਿਆ ਜਾਂਦਾ ਹੈ। ਇਸ ਐੱਸ ਓ ਪੀ ਦੇ ਮੁਤਾਬਕ ਕੇਂਦਰ ਨੇ ਏਅਰਲਾਈਨਾਂ ਨੂੰ ਕਿਹਾ ਹੈ ਕਿ ਉਡਾਣਾਂ ਸ਼ੁਰੂ ਹੋਣ ਦੇ ਪਹਿਲੇ ਫੇਜ਼ ਵਿੱਚ ਅੱਸੀ ਸਾਲ ਤੋਂ ਵੱਧ ਉਮਰ ਦੇ ਵਿਅਕਤੀ ਨੂੰ ਯਾਤਰਾ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਏ। ਇਹ ਵੀ ਕਿਹਾ ਗਿਆ ਕਿ ਸ਼ੁਰੂ ਦੇ ਪੜਾਅ ਵਿੱਚ ਕੈਬਿਨ ਵਿੱਚ ਬੈਗ ਲੈ ਜਾਣ ਦੀ ਇਜਾਜ਼ਤ ਨਾ ਦਿੱਤੀ ਜਾਏ। ਜੇ ਕਿਸੇ ਯਾਤਰੀ ਜਾਂ ਸਟਾਫ ਵਿੱਚ ਕੋਈ ਲੱਛਣ ਦਿਖਾਈ ਦੇਂਦਾ ਹੈ ਅਤੇ ਆਰੋਗਿਆ ਸੇਤੂ ਐਪ ਉੱਤੇ ਗਰੀਨ ਸਿਗਨਲ ਨਹੀਂ ਆ ਰਿਹਾ ਤਾਂ ਅਜਿਹੇ ਵਿਅਕਤੀ ਨੂੰ ਏਅਰਪੋਰਟ ਟਰਮੀਨਲ ਬਿਲਡਿੰਗ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ। ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਪਿਛਲੇ ਦਿਨੀਂ ਦੇਸ਼ ਵਿੱਚ ਜਲਦੀ ਉਡਾਣਾਂ ਸ਼ੁਰੂ ਕਰਨ ਦੀ ਗੱਲ ਕਹੀ ਸੀ। ਉਨ੍ਹਾਂ ਕਿਹਾ ਸੀ ਕਿ ਸੁਰੱਖਿਆ ਉਪਾਅ ਧਿਆਨ ਵਿੱਚ ਰੱਖ ਕੇ ਛੇਤੀ ਫਲਾਈਟ ਸੇਵਾ ਸ਼ੁਰੂ ਕੀਤੀ ਜਾ ਸਕਦੀ ਹੈ। ਇਸ ਦੇ ਲਈ ਗਾਈਡਲਾਈਨ ਤਿਆਰ ਕੀਤੀ ਜਾ ਰਹੀ ਹੈ ਅਤੇ ਮਾਹਰਾਂ ਦੀ ਰਾਏ ਲਈ ਜਾ ਰਹੀ ਹੈ ਤਾਂ ਕਿ ਫਲਾਈਟ ਸੇਵਾ ਸ਼ੁਰੂ ਹੋਣ ਦੇ ਬਾਅਦ ਇਨਫੈਕਸ਼ਨ ਜ਼ਿਆਦਾ ਨਾ ਫੈਲ ਸਕੇ।

ਇਸ ਸਮੇਂ ਕੋਰੋਨਾ ਦੇ ਕਾਰਨ ਵਿਦੇਸ਼ਾਂ ਵਿੱਚ ਫਸੇ ਭਾਰਤੀਆਂ ਦੀ ਵਤਨ ਵਾਪਸੀ ਦੇ ਲਈ ਮਿਸ਼ਨ ਵੰਦੇ ਮਾਤਰਾ ਚਲਾਇਆ ਜਾ ਰਿਹਾ ਹੈ। 13 ਮਈ ਨੂੰ ਇਸ ਦਾ ਪਹਿਲਾ ਪੜਾਅ ਪੂਰਾ ਹੋ ਰਿਹਾ ਹੈ। ਦੂਸਰਾ ਫੇਜ਼ 16 ਮਈ ਤੋਂ ਸ਼ੁਰੂ ਹੋਵੇਗਾ। ਇਹ ਫੇਜ਼ ਸੱਤ ਦਿਨ ਯਾਨੀ 22 ਮਈ ਤੱਕ ਚੱਲੇਗਾ। ਇਸ ਦੌਰਾਨ 31 ਦੇਸ਼ਾਂ ਤੋਂ 149 ਉਡਾਣਾਂ ਆਉਣਗੀਆਂ। ਸਭ ਤੋਂ ਜ਼ਿਆਦਾ 13 ਉਡਾਣਾਂ ਅਮਰੀਕਾ ਤੋਂ ਆਉਣਗੀਆਂ।

# ਗੁਜਰਾਤ ਵਿੱਚ ਭਾਜਪਾ ਮੰਤਰੀ ਦੀ ਚੋਣ ਹਾਈ ਕੋਰਟ ਵੱਲੋਂ ਰੱਦ

ਅਹਿਮਦਾਬਾਦ, 14 ਮਈ (ਪੋਸਟ ਬਿਊਰੋ)- ਭਾਜਪਾ ਵਿਧਾਇਕ ਤੇ ਗੁਜਰਾਤ ਰਾਜ ਦੇ ਸਿਖਿਆ ਮੰਤਰੀ ਭੁਪਿੰਦਰ ਸਿੰਘ ਚੂੜਾਸਮਾ ਦੀ ਅਹਿ-ਮਦਾਬਾਦ ਜ਼ਿਲੇ ਦੀ ਧੋਲਕਾ ਸੀਟ 'ਤੇ ਚੋਣ ਜਿੱਤ ਨੂੰ ਗੁਜਰਾਤ ਹਾਈ ਕੋਰਟ ਨੇ ਕੱਲ੍ਹ ਰੱਦ ਕਰ ਦਿੱਤਾ ਹੈ। ਕਾਫੀ ਰਸੂਖਦਾਰ ਆਗੂ ਮੰਨੇ ਜਾਣ ਵਾਲੇ ਚੂੜਾਸਮਾ ਨੇ 2017 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਅਸ਼ਵਿਨ ਰਾਠੌੜ ਨੂੰ ਸਿਰਫ 327 ਵੋਟਾਂ ਨਾਲ ਹਰਾਇਆ ਸੀ। ਪਤਾ ਲੱਗਾ ਹੈ ਕਿ ਓਦੋਂ ਵੋਟਿੰਗ ਵਿੱਚ ਚੋਣ ਅਧਿਕਾਰੀ ਨੇ 429 ਡਾਕ ਰਾਹੀਂ ਆਈਆਂ ਵੋਟਾਂ ਨੂੰ ਰੱਦ ਕਰ ਦਿੱਤਾ ਸੀ। ਕਾਂਗਰਸ ਉਮੀਦਵਾਰ ਅਸ਼ਵਿਨ ਰਾਠੌੜ ਉਸ ਨੂੰ ਚੁਣੌਤੀ ਦਿੰਦੇ ਹੋਏ ਅਦਾਲਤ ਪਹੁੰਚੇ ਸਨ ਅਤੇ ਹਾਈ ਕੋਰਟ ਨੇ ਫਰਵਰੀ ਵਿੱਚ ਹੀ ਸੁਣਾਈ ਪੂਰੀ ਕਰ ਲਈ ਸੀ। ਉਨ੍ਹਾਂ ਨੇ ਮੰਗਲਵਾਰ ਨੂੰ ਫੈਸਲਾ ਸੁਣਾਉਂਦੇ ਹੋਏ ਚੂੜਾਸਮਾ ਦੀ ਚੋਣ ਨੂੰ ਰੱਦ ਕਰ ਦਿੱਤਾ। ਚੂੜਾਸਮਾ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਸਕਦੇ ਹਨ। ਇਸ ਕੇਸ ਦੀ ਸੁਣਵਾਈ ਦੇ ਦੌਰਾਨ ਵੋਟਿੰਗ ਦੇ ਸੀ ਸੀ ਟੀ ਵੀ ਫੁਟੇਜ ਵਿੱਚ ਚੂੜਾਸਮਾ ਦੇ ਨਿੱਜੀ ਸਕੱਤਰ ਨੂੰ ਵੋਟਿੰਗ ਕੇਂਦਰ ਵਿੱਚ ਮੋਬਾਈਲ ਫੋਨ 'ਤੇ ਗੱਲ ਕਰਦੇ ਦੇਖਿਆ ਗਿਆ ਸੀ।

# 50 ਦਿਨ ਰੁਕੇ ਰਹਿਣ ਪਿੱਛੋਂ ਭਾਰਤ ਵਿੱਚ ਟਰੇਨਾਂ ਫਿਰ ਦੌੜੀਆਂ

ਨਵੀਂ ਦਿੱਲੀ, 14 ਮਈ (ਪੋਸਟ ਬਿਊਰੋ)- ਲਾਕਡਾਊਨ ਕਾਰਨ ਲਗੱਭਗ 50 ਦਿਨਾਂ ਤੱਕ ਯਾਤਰੀ ਰੇਲ ਸੇਵਾਵਾਂ ਬੰਦ ਰਹਿਣ ਤੋਂ ਬਾਅਦ ਭਾਰਤ ਦੀ ਰਾਸ਼ਟਰੀ ਰਾਜਧਾਨੀ ਤੋਂ ਬਹੁਤ ਸਾਰੇ ਲੋਕ ਦੇਸ਼ ਦੇ ਵੱਖ-ਵੱਖ ਭਾਗਾਂ 'ਚ ਆਪਣੀ ਮੰਜ਼ਿਲ ਤੱਕ ਪਹੁੰਚਣ ਲੱਗੇ ਹਨ। ਰੇਲਵੇ ਨੇ ਕੱਲ੍ਹ ਚੋਣਵੇਂ ਮਾਰਗਾਂ 'ਤੇ ਰੇਲ ਸੇਵਾਵਾਂ ਬਹਾਲ ਕਰ ਦਿੱਤੀਆਂ ਹਨ।

ਕੱਲ੍ਹ ਤਿੰਨ ਵਿਸ਼ੇਸ਼ ਏਅਰ ਕੰਡੀਸ਼ਡ ਰੇਲ ਗੱਡੀਆਂ ਤੋਂ ਨਵੀਂ ਦਿੱਲੀ ਸਟੇਸ਼ਨ ਤੋਂ ਛੱਤੀਸਗੜ ਦੇ ਬਿਲਾਸਪੁਰ ਅਤੇ, ਅਸਮ ਦੇ ਡਿਬਰੂਗੜ ਦੇ ਨਾਲ ਕਰਨ-ਾਟਕ ਦੇ ਬੈਂਗਲੁਰੂ ਲਈ ਗੱਡੀ ਰਵਾਨਾ ਹੋਈ ਹੈ। ਇਨ੍ਹਾਂ ਯਾਤਰੀਆਂ ਲਈ ਆਰੋਗਿਆ ਸੇਤੂ ਐਪ ਆਪਣੇ ਮੋਬਾਈਲ ਫੋਨ ਉੱਤੇ ਡਾਊਨਲੋਡ ਕਰਨਾ ਜ਼ਰੂਰੀ ਹੈ। ਸਾਰੇ ਯਾਤਰੀਆਂ ਨੂੰ ਨਵੀਂ ਦਿੱਲੀ ਸਟੇਸ਼ਨ ਉੱਤੇ ਪਹਾੜਗੰਜ ਵੱਲੋਂ ਦਾਖਲਾ ਦਿੱਤਾ ਗਿਆ ਅਤੇ ਕਿਸੇ ਵੀ ਯਾਤਰੀ ਨੂੰ ਅਜਮੇਰੀ ਗੇਟ ਵੱਲੋਂ ਵੜਨ ਦੀ ਆਗਿਆ ਨਹੀਂ ਦਿੱਤੀ ਗਈ। ਯਾਤਰੀਆਂ ਨੂੰ ਰੇਲ ਗੱਡੀਆਂ ਦੇ ਚੱਲਣ ਤੋਂ ਘੱਟੋ-ਘੱਟ ਡੇਢ ਘੰਟਾ ਪਹਿਲਾਂ ਰੇਲਵੇ ਸਟੇਸ਼ਨ ਪੁੱਜਣ ਨੂੰ ਕਿਹਾ ਗਿਆ ਅਤੇ ਹਰ ਯਾਤਰੀ ਦੀ ਥਰਮਲ ਸਕਰੀਨਿੰਗ ਕੀਤੀ ਗਈ। ਐਂਟਰੀ ਗੇਟ



ਉੱਤੇ ਸੈਨੇਟਾਈਜ਼ਰ ਮਸ਼ੀਨ ਲਾਈ ਗਈ ਹੈ ਤਾਂ ਕਿ ਯਾਤਰੀ ਸਟੇਸ਼ਨ ਵਿੱਚ ਜਾਣ ਤੋਂ ਪਹਿਲਾਂ ਆਪਣੇ ਹੱਥ ਸਾਫ ਕਰ ਲੈਣ। ਰੇਲਵੇ ਨੇ ਦੱਸਿਆ ਕਿ ਦਿੱਲੀ ਲਈ ਪੰਜ ਹੋਰ ਰੇਲ ਗੱਡੀਆਂ ਪਟਨਾ, ਬੈਂਗਲੁਰੂ, ਹਾਵੜਾ, ਮੁੰਬਈ ਤੇ ਅਹਿ-ਮਤਦਾਬਾਦ ਤੋਂ ਰਵਾਨਾ ਹੋਈਆਂ। ਪੂਰੇ ਨਿਰਦੇਸ਼ਾਂ ਤੇ ਨਿਯਮਾਂ ਅਨੁਸਾਰ ਤਿੰਨ ਟਰੇਨਾਂ ਨਵੀਂ ਦਿੱਲੀ ਸਟੇਸ਼ਨ ਤੋਂ ਰਵਾਨਾ ਹੋਈਆਂ। ਵਿਸ਼ੇਸ਼ ਟਰੇਨਾਂ ਦੇ ਰਵਾਨਾ ਹੋਣ ਤੋਂ ਕੁਝ ਘੰਟੇ ਪਹਿਲਾਂ ਰੇਲਵੇ ਨੇ ਦੱਸਿਆ ਕਿ ਇਨ੍ਹਾਂ ਟਰੇਨਾਂ ਲਈ ਅਜੇ ਤੱਕ 80 ਹਜ਼ਾਰ ਤੋਂ ਵੱਧ ਯਾਤਰੀਆਂ ਨੇ 16.15 ਕਰੋੜ ਰੁਪਏ ਦੀਆਂ 45,000 ਤੋਂ ਵੱਧ ਟਿਕਟਾਂ ਬੁੱਕ ਕੀਤੀਆਂ ਹਨ ਅਤੇ ਕਰੀਬ 82,317 ਲੋਕ ਯਾਤਰਾ ਕਰ ਰਹੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਇੱਕ ਮਈ ਤੋਂ ਅੱਜ ਤੱਕ 542 ਮਜ਼ਦੂਰ ਸਪੈਸ਼ਲ ਟਰੇਨਾਂ ਚਲੀਆਂ ਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 6.48 ਲੱਖ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਘਰ ਪਹੁੰਚਾਇਆ ਗਿਆ ਹੈ।



## ਕੋਰੋਨਾ ਕੇਸ ਵਿੱਚ ਚੀਨ ਉੱਤੇ ਪਾਬੰਦੀਆਂ ਲਈ ਅਮਰੀਕੀ ਸੈਨੇਟ ਵਿੱਚ ਬਿੱਲ ਪੇਸ਼



ਵਾਸ਼ਿੰਗਟਨ, 14 ਮਈ (ਪੋਸਟ ਬਿਊਰੋ)- ਅਮਰੀਕਾ ਦੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਸੈਨੇਟ ਦੇ ਨੌਂ ਪ੍ਰਭਾਵਸ਼ਾਲੀ ਮੈਂਬਰਾਂ ਦੇ ਇੱਕ ਗਰੁੱਪ ਨੇ ਬਿੱਲ ਪੇਸ਼ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਜੇ ਚੀਨ ਕੋਰੋਨਾ ਇਨਫੈਕਸ਼ਨ ਫੈਲਣ ਦੇ ਕਾਰਨਾਂ ਦੀ ਜਾਣਕਾਰੀ ਨਹੀਂ ਦੇਂਦਾ ਤੇ ਇਸ ਨੂੰ ਕਾਬੂ ਕਰਨ ਵਿੱਚ ਸਹਿਯੋਗ ਨਹੀਂ ਕਰਦਾ ਤਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਉਸ 'ਤੇ ਪਾਬੰਦੀ ਲਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

ਕੋਵਿਡ-19 ਜਵਾਬਦੇਹੀ ਐਕਟ ਬਿੱਲ ਨੂੰ ਸੈਨੇਟਰ ਲਿੰਡਸੇ ਗ੍ਰਾਹਮ ਨੇ ਬਣਾਇਆ ਹੈ, ਜਦ ਕਿ ਅੱਠ ਹੋਰ ਮੈਂਬਰਾਂ ਨੇ ਉਨ੍ਹਾਂ ਦਾ ਸਾਥ ਦਿੱਤਾ ਅਤੇ ਪਾਰਲੀਮੈਂਟ ਉਤਲੇ ਸਦਨ ਸੈਨੇਟ ਵਿੱਚ ਪਿਛਲੇ ਮੰਗਲਵਾਰ ਪੇਸ਼ ਕੀਤਾ ਹੈ। ਵਰਨਣ ਯੋਗ ਹੈ ਕਿ ਕੋਰੋਨਾ ਦੀ ਮਹਾਮਾਰੀ ਨਾਲ ਅੱਜ ਤੱਕ ਪੂਰੀ ਦੁਨੀਆ ਵਿੱਚ ਜਿੱਥੇ ਢਾਈ ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ, ਉਥੇ ਚਾਲੀ ਲੱਖ ਤੋਂ ਵੱਧ ਲੋਕ ਬਿਮਾਰ ਹਨ। ਅਮਰੀਕਾ ਇਸ ਮਹਾਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਤ ਹੈ। ਉਥੇ 85 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ 14 ਲੱਖ ਤੋਂ ਵੱਧ ਲੋਕ ਇਨਫੈਕਟਿਡ ਹਨ। ਇਸ ਬਿੱਲ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਸੱਠ ਦਿਨਾਂ ਦੇ ਅੰਦਰ ਪਾਰਲੀਮੈਂਟ ਵਿੱਚ ਇਹਗੱਲ ਸਾਬਤ ਕਰਨਗੇ ਕਿ ਚੀਨ ਨੇ ਅਮਰੀਕਾ, ਉਸ ਦੇ ਸਹਿਯੋਗੀਆਂ ਜਾਂ ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚ ਓ) ਵਰਗੀਆਂ ਯੂ ਐੱਨ ਨਾਲ ਜੁੜੀਆਂ ਸੰਸਥਾਵਾਂ ਦੀ ਅਗਵਾਈ ਵਾਲੀ ਕੋਵਿਡ-19 ਦੀ ਜਾਂਚ ਲਈ ਪੂਰੀ ਜਾਣਕਾਰੀ ਦਿੱਤੀ ਹੈ। ਟਰੰਪ ਨੂੰ ਇਹ ਦੱਸਣਾ ਪਵੇਗਾ ਕਿ ਚੀਨ ਨੇ ਮੀਟ ਵਾਲਾ ਸਾਮਾਨ ਵੇਚਣ ਵਾਲੇ ਬਾਜ਼ਾਰ ਬੰਦ ਕਰ ਦਿੱਤੇ ਹਨ, ਜਿੱਥੋਂ ਇਨਫੈਕਸ਼ਨ ਫੈਲ ਸਕਦੀ ਹੈ।

# ਜਨਗਣਨਾ ਦਾ ਖਰੜਾ ਬ੍ਰਿਟੇਨ ਦੇ ਹਾਊਸ ਆਫ਼ ਲਾਰਡਜ਼ ਵਿੱਚ ਪਾਸ

*** ਸਿੱਖ ਲਾਰਡ ਵੱਲੋਂ ਸਿੱਖਾਂ ਦੇ ਵੱਖਰੇ ਖਾਨੇ ਦਾ ਵਿਰੋਧ**



ਲੰਡਨ, 14 ਮਈ (ਪੋਸਟ ਬਿਊਰੋ)- ਬਰਤਾਨੀਆਂ ਦੇ ਉਪਰਲੇ ਸਦਨ 'ਚ ਵੀ ਸਿੱਖਾਂ ਦੇ ਐਥਨਿਕ ਖਾਨੇ 'ਚ ਮੰਗ ਨੂੰ ਨਜ਼ਰ ਅੰਦਾਜ਼ ਕਰ ਕੇ ਬਿਨਾਂ ਵੋਟਿੰਗ ਤੋਂ ਖਰੜਾਪਾਸ ਕਰ ਦਿੱਤਾ ਗਿਆ ਹੈ।

ਕੱਲ੍ਹ ਪਾਰਲੀਮੈਂਟ ਵਿੱਚ ਵੀਡੀਓ ਕਾਨਫਰੰਸ ਰਾਹੀਂ ਹੋਈ ਇਸ ਬਹਿਸ ਵਿੱਚ ਯੂ ਕੇ ਦੇ ਪਹਿਲੇ ਦਸਤਾਰਧਾਰੀ ਸਿੱਖ ਲਾਰਡ ਇੰਦਰਜੀਤ ਸਿੰਘ ਨੇ ਸਿੱਖਾਂ ਦੀ ਐਥਨਿਕ ਖਾਨੇ ਵਿੱਚ ਮੰਗ ਦਾ ਵਿਰੋਧ ਕਰਦਿਆਂ ਕਿਹਾ ਇਸ ਖਾਨੇ ਦੀ ਮੰਗ ਕੱਟੜਪੰਥੀ ਗਰੁੱਪ ਕਰ ਰਿਹਾ ਹੈ। ਉਨ੍ਹਾਂ ਸਿੱਖ ਫੈਡਰੇਸ਼ਨ ਯੂ ਕੇ ਉਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਹ ਸਿੱਖੀ ਦੀਆਂ ਸਿੱਖਿਆਵਾਂ ਨੂੰ ਰੱਦ ਕਰਦੇ ਅਤੇ ਸੋਚਦੇ ਹਨ ਕਿ ਨਸਲੀ ਖਾਨੇ 'ਚ ਦਰਜ ਹੋਣ ਨਾਲ ਸਾਨੂੰ ਹੋਰ ਧਰਮਾਂ ਨਾਲੋਂ ਵਧੇਰੇ ਸਰੋਤ ਮਿਲਣਗੇ। ਉਨ੍ਹਾਂ ਨੇ 1984 ਦੇ ਸਿੱਖ ਕਤਲੇਆਮ ਬਾਰੇ ਵੀ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਇਹ ਮੰਨਦੇ ਹਨ ਕਿ ਧਰਮ ਨੂੰ ਨਸਲੀ ਗਰੁੱਪ ਵਿੱਚ ਬਦਲਣ ਨਾਲ ਭਾਰਤ ਵਿੱਚ ਸਿੱਖ ਰਾਜ ਪ੍ਰਾਪਤ ਕਰਨ ਦੀ ਮਦਦ ਮਿਲੇਗੀ। ਲਾਰਡ ਇੰਦਰਜੀਤ ਸਿੰਘ ਦੇ ਇਸ ਬਿਆਨ ਦੀ ਲਾਰਡ ਹੈਰੀਸ ਆਫ ਪੈਂਟਰਗਰਥ ਨੇ ਵੀ ਹਿਮਾਇਤ ਕੀਤੀ ਅਤੇ ਕਿਹਾ ਕਿ ਸਿੱਖੀ ਵਿਸ਼ਵ ਦਾ ਮਹਾਨ ਧਰਮ ਹੈ, ਮੈਨੂੰ ਨਹੀਂ ਲੱਗਦਾ ਕਿ ਇਸ ਨੂੰ ਨਸਲੀ ਖਾਨੇ ਵਿੱਚ ਪਾਉਣਾ ਚਾਹੀਦਾ ਹੈ।

ਇਸ ਮੌਕੇ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਸਿੱਖਾਂ ਨੂੰ ਐਥਨਿਕ ਗਰੁੱਪ ਵਿੱਚ ਸ਼ਾਮਲ ਕਰਨ ਦੀ ਮੰਗ ਦੇ ਹੱਕ ਵਿੱਚ ਵੀ ਵੱਖ-ਵੱਖ ਪਾਰਟੀਆਂ ਦੇ ਕੁਝ ਲਾਰਡ ਬੋਲੇ, ਜਿਨ੍ਹਾਂ ਵਿੱਚ ਬੈਰੋਨੈਸ ਕੈਨੇਡੀ ਆਫ ਕਰਾਡਲੀ, ਬੈਰੋਨੈਸ ਹੇਤਰ ਆਫ ਕੈਨਤੀਸ਼, ਕੰਜ਼ਰਵੇਟਿਵ ਪਾਰਟੀ ਦੇ ਲਾਰਡ ਅਤੇ ਸਾਬਕਾ ਧਰਮਾਂ ਬਾਰੇ ਮੰਤਰੀ ਬੌਰਨੇ ਆਫ ਐਬਰੇਸਟਵਥ ਨੇ ਸਿੱਖਾਂ ਦੇ ਵੱਖਰੇ ਐਥਨਿਕ ਖਾਨੇ ਦੀ ਹਮਾਇਤ ਕੀਤੀ ਅਤੇ ਲਿਬਰਲ ਡੈਮੋਕ੍ਰੇਟਿਕ ਦੇ ਲਾਰਡ ਗੋਡਾਰਡ ਆਫ ਸਟੋਕਪੋਰਟ, ਲਾਰਡ ਰੇਨਾਰਡ ਅਤੇ ਲਾਰਡ ਵੈਲੇਸ ਆਫ ਸਾਲਟੇਅਰ, ਪਲੇਡ ਸੀਮਰੋ ਦੇ ਲਾਰਡ ਵਿਗਲੇ ਨੇ ਵੀ ਸਿੱਖਾਂ ਲਈ ਵੱਖਰੇ ਖਾਨੇ ਦੀ ਹਮਾਇਤ ਕੀਤੀ। ਸਿੱਖ ਫੈਡਰੇਸ਼ਨ ਦੇ ਖ਼ਿਲਾਫ਼ ਲਾਰਡ ਇੰਦਰਜੀਤ ਸਿੰਘ ਦਾ ਉਪਰਲੇ ਸਦਨ ਵਿੱਚ ਦਿੱਤਾ ਬਿਆਨ ਯੂ ਕੇ ਦੀ ਸਿੱਖ ਸਿਆਸਤ ਵਿੱਚ ਨਵਾਂ ਬਖੇੜਾ ਪੈਦਾ ਕਰ ਸਕਦਾ ਹੈ।

## ਬ੍ਰਿਕਸ ਬੈਂਕ ਵੱਲੋਂ 'ਕੋਵਿਡ-19' ਨਾਲ ਜੰਗ ਲਈ ਭਾਰਤ ਨੂੰ ਇੱਕ ਅਰਬ ਡਾਲਰ ਦਾ ਕਰਜ਼ਾ




ਪੇਈਚਿੰਗ, 14 ਮਈ (ਪੋਸਟ ਬਿਊਰੋ)- ਬ੍ਰਿਕਸ ਦੇਸ਼ਾਂ ਦੇ ਨਿਊ ਡਿਵੈੱਲਪਮੈਂਟ ਬੈਂਕ (ਐਨ ਡੀ ਬੀ) ਨੇ ਕੋਰੋਨਾ ਵਾਇਰਸ ਮਹਾਮਾਰੀ ਨਾਲ ਲੜਨ ਲਈ ਭਾਰਤ ਨੂੰ ਇੱਕ ਅਰਬ ਡਾਲਰ ਦਾ ਐਮਰਜੈਂਸੀ ਮਦਦ ਕਰਜ਼ਾ ਦਿੱਤਾ ਹੈ, ਜਿਸ ਦੀ ਵਰਤੋਂ ਮਹਾਮਾਰੀ ਨਾਲ ਹੋਣ ਵਾਲੇ ਮਨੁੱਖੀ, ਸਮਾਜਿਕ ਅਤੇ ਆਰਥਿਕ ਨੁਕਸਾਨ ਨੂੰ ਘੱਟ ਕਰਨ ਲਈ ਕੀਤੀ ਜਾਵੇਗੀ।

ਸ਼ੰਘਾਈ ਵਿੱਚੋਂ ਚੱਲਦੇ ਐਨ ਡੀ ਬੀ ਦੀ ਸਥਾਪਨਾ ਪੰਜ ਬ੍ਰਿਕਸ ਦੇਸ਼ਾਂ (ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣ ਅਫਰੀਕਾ) ਨੇ 2014 ਵਿੱਚ ਕੀਤੀ ਸੀ ਅਤੇ ਇਸ ਸਮੇਂ ਇਸ ਦੀ ਅਗਵਾਈ ਭਾਰਤੀ ਬੈਂਕਰ ਕੇ ਵੀ ਕਾਮਥ ਕਰਦੇ ਹਨ। ਐਨ ਡੀ ਬੀ ਦੇ ਬੋਰਡ ਆਫ ਡਾਇਰੈਕਟਰਜ਼ ਨੇ 30 ਅਪ੍ਰੈਲ ਨੂੰ ਭਾਰਤ ਲਈ 'ਅਮਰਜੈਂਸੀ ਸਹਾਇਤਾ ਪ੍ਰੋਗਰਾਮ ਕਰਜ਼ਾ' ਮਨਜ਼ੂਰ ਕੀਤਾ ਸੀ ਅਤੇ ਇਸ ਦਾ ਮਕਸਦ ਕੋਰੋਨਾ ਦੇ ਕਾਰਨ ਹੋਣ ਵਾਲੇ ਮਨੁੱਖੀ, ਸਮਾਜਿਕ ਅਤੇ ਆਰਥਿਕ ਨੁਕਸਾਨ ਨੂੰ ਘੱਟ ਕਰਨਾ ਹੈ। ਬੈਂਕ ਦੇ ਉਪ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਝੇਨ ਝੂ ਨੇ ਕਿਹਾ ਕਿ ਐਨ ਡੀ ਬੀ ਆਫਤ ਦੇ ਸਮੇਂ ਆਪਣੇ ਮੈਂਬਰ ਦੇਸ਼ਾਂ ਦੀ ਮਦਦ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਅਪੀਲ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਭਾਰਤ ਨੂੰ ਐਮਰਜੈਂਸੀ ਸਹਾਇਤਾ ਪ੍ਰੋਗਰਾਮ ਕਰਜ਼ੇ ਨੂੰ ਮਨਜ਼ੂਰੀ ਦਿੱਤੀ ਗਈ ਹੈ।

### ਯੂ ਐੱਨ ਦੇ ਮੁਖੀ ਵੱਲੋਂ ਸੱਦਾ

## ਧਾਰਮਿਕ ਆਗੂ ਨੁਕਸਦਾਰ ਸੁਨੇਹਿਆਂ ਨੂੰ ਚੁਣੌਤੀ ਦੇਣ



ਯੂ ਐੱਨ, 14 ਮਈ (ਪੋਸਟ ਬਿਊਰੋ)- ਯੂ ਐੱਨ ਓ ਦੇ ਸੈਕਟਰੀ ਜਨਰਲ ਐਂਤੋਨੀਓ ਗੁਟੇਰੇਜ਼ ਨੇ ਧਾਰਮਿਕ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਨਸਲੀ-ਰਾਸ਼ਟਰਵਾਦ, ਨਫ਼ਰਤੀ ਤਕਰੀਰ ਅਤੇ ਟਕਰਾਅ ਨੂੰ ਹਵਾ ਦੇਣ ਵਾਲੇ 'ਨੁਕਸਦਾਰ ਤੇ ਨੁਕਸਾਨਦੇਹ ਸੁਨੇਹਿਆਂ' ਨੂੰ ਚੁਣੌਤੀ ਦੇ ਦਿਆ ਕਰਨ।

ਇਸ ਸੰਬੰਧ ਵਿੱਚ ਯੂ ਐਨ ਦੇ ਮੁਖੀ ਨੇ ਕੱਲ੍ਹ ਕਾਬੁਲ ਦੇ ਪੱਛਮੀ ਹਿੱਸੇ ਵਿੱਚ ਬੰਦੂਕਧਾਰੀਆਂ ਵੱਲੋਂ ਬੱਚਿਆਂ ਦੇ ਇੱਕ ਕਲੀਨਿਕ 'ਤੇ ਕੀਤੇ ਗਏ 'ਭਿਆਨਕ' ਹਮਲੇ ਦੀ ਨਿਖੇਧੀ ਕੀਤੀ ਹੈ। ਗੁਟੇਰੇਜ਼ ਨੇ ਕਿਹਾ ਕਿ ਅਜਿਹੇ ਅਪਰਾਧਾਂ ਲਈ ਜਵਾਬਦੇਹੀ ਤੈਅ ਕੀਤੀ ਜਾਵੇ। ਯੂ ਐਨ ਮੁਖੀ ਨੇ ਵੀਡੀਓ ਕਾਨਫਰੰਸਿੰਗ ਮੀਟਿੰਗ ਵਿੱਚ ਧਾਰਮਿਕ ਆਗੂਆਂ ਨੂੰ ਇਹ ਸੱਦਾ ਦਿੱਤਾ ਕਿ ਉਹ ਮਨੁੱਖੀ ਹੱਕਾਂ ਅਤੇ ਮਨੁੱਖੀ ਮਾਣ-ਸਨਮਾਨ ਸਮੇਤ ਸਮਾਜਿਕ ਮੇਲ-ਮਿਲਾਪ, ਇੱਕ ਦੂਜੇ ਦੇ ਸਤਿਕਾਰ ਤੇ ਸਮਝ 'ਤੇ ਅਧਾਰਿਤ ਇਕਜੁੱਟਤਾ ਦਾ ਪ੍ਰਚਾਰ ਕਰਨ। ਉਨ੍ਹਾ ਕਿਹਾ ਕਿ ਧਾਰਮਿਕ ਆਗੂ ਮਹਾਮਾਰੀ ਬਾਰੇ ਬੋਲਣ ਦੇ ਨਾਲ ਇਸ ਦਾ ਹੱਲ ਸੁਝਾਉਣ ਲਈ ਆਪੋ ਆਪਣੇ ਭਾਈਚਾਰਿਆਂ ਅਤੇ ਉਸ ਤੋਂ ਪਾਰ ਕੇਂਦਰੀ ਧੁਰੇ' ਦੀ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਕਿਹਾ ਕਿ ਧਾਰਮਿਕ ਆਗੂ ਸਾਰੇ ਭਾਈਚਾਰਿਆਂ ਨੂੰ 'ਅਹਿੰਸਾ ਦੇ ਪਾਸਾਰੇ ਤੇ ਹੋਰਨਾਂ ਪ੍ਰਤੀ ਘ੍ਰਿਣਾ, ਨਸਲਵਾਦ ਤੇ ਹਰ ਤਰ੍ਹਾਂ ਦੀ ਅਸਹਿਣਸ਼ੀਲਤਾ ਨੂੰ ਮੁੱਢੋਂ ਰੱਦ ਕਰਨ' ਲਈ ਹੱਲਾਸ਼ੇਰੀ ਦੇ ਸਕਦੇ ਹਨ।'

ਯੂ ਐਨ ਵਿੱਚ ਮੋਰੱਕੋ ਦੇ ਦੂਤ ਉਮਰ ਹਿਲਾਲ ਵੱਲੋਂ ਰੱਖੀ ਵੀਡੀਓ ਮੀਟਿੰਗ ਨੂੰ ਈਸਾਈ, ਯਹੂਦੀ ਅਤੇ ਮੁਸਲਿਮ ਧਾਰਮਿਕ ਆਗੂਆਂ ਤੋਂ ਇਲਾਵਾ ਅੰਤਰ-ਧਾਰਮਿਕ ਸਦਭਾਵਨਾ ਦੇ ਪਾਸਾਰ ਵਿੱਚ ਲੱਗੇ ਯੂ ਐਨ ਅਧਿਕਾਰੀਆਂ ਨੇ ਵੀ ਸੰਬੋਧਨ ਕੀਤਾ ਹੈ, ਜਿਸ ਵਿੱਚ ਯੂ ਐੱਨ ਦੇ ਮੁਖੀ ਇਹ ਗੱਲਾਂ ਕਹਿ ਰਹੇ ਸਨ।

## ਅਮਰੀਕਾ ਵਿੱਚ ਪੰਜਾਬੀ ਦੀ ਹੱਤਿਆ ਦੇ ਕੇਸ ਵਿੱਚ ਇੱਕ ਕਾਬੂ



ਵਾਸ਼ਿੰਗਟਨ, 14 ਮਈ (ਪੋਸਟ ਬਿਊਰੋ)- ਐਫ ਬੀ ਆਈ ਅਤੇ ਲਾਸ ਵੇਗਾਸ ਮੈਟ੍ਰੋਪੋਲਿਟਨ ਪੁਲਸ ਨੇ ਸੱਤ ਸਾਲ ਪਹਿਲਾਂ 27 ਸਾਲਾ ਭਾਰਤੀ ਨਾਗਰਿਕ ਦੀ ਹੱਤਿਆ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਸ ਬਾਰੇ ਇੱਕ ਅਧਿਕਾਰੀ ਨੇ ਕੱਲ੍ਹ ਦੱਸਿਆ ਕਿ ਪੰਜਾਬ ਵਿੱਚੋਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਮਾਜਰੀ ਕਿਸ਼ਨੇ ਵਲੀ ਪਿੰਡ ਦਾ ਮਨਪ੍ਰੀਤ ਸਿੰਘ ਘੁੰਮਣ ਕੈਲੀਫੋਰਨੀਆ ਵਿੱਚ ਇੱਕ ਗੈਸ ਸਟੇਸ਼ਨ ਉਤੇ ਕੰਮ ਕਰਦਾ ਸੀ। ਉਸ ਨੂੰ ਇੱਕ ਅਣਪਛਾਤੇ ਹਮਲਾਵਰ ਨੇ 6 ਅਗਸਤ 2013 ਨੂੰ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ। ਕਈ ਸਾਲ ਤੱਕ ਚਲੀ ਜਾਂਚ ਤੋਂ ਬਾਅਦ ਫੈਡਰਲ ਜਾਂਚ ਬਿਊਰੋ (ਐਫ ਬੀ ਆਈ) ਅਤੇ ਪੁਲਸ ਨੇ ਮਨਪ੍ਰੀਤ ਸਿੰਘ ਦੀ ਹੱਤਿਆ ਦੇ ਦੋਸ਼ 'ਚ 34 ਸਾਲਾ ਸੀਨ ਡੋਨੋਹੋਏ ਨੂੰ ਗ੍ਰਿਫ਼ਤਾਰ ਕੀਤਾ ਹੈ। ਲਾਸ ਵੇਗਾਸ ਵਿੱਚ ਰਹਿਣ ਵਾਲਾ ਡੋਨੋਹੋਏ ਘਟਨਾ ਦੇ ਸਮੇਂ ਕੈਲੀਫ਼ੋਰਨੀਆ ਦੇ ਸਾਊਥ ਲੇਕ ਟਾਹੋਏ ਸ਼ਹਿਰ ਵਿੱਚ ਰਹਿੰਦਾ ਸੀ। ਸਾਊਥ ਲੇਕ ਟਾਹੋਏ ਪੁਲਸ ਨੇ ਇੱਕ ਬਿਆਨ 'ਚ ਕਿਹਾ ਕਿ ਘਟਨਾ ਵਾਲੇ ਦਿਨ ਇੱਕ ਅਣਪਛਾਤਾ ਵਿਅਕਤੀ ਆਪਣਾ ਮੂੰਹ ਢੱਕ ਕੇ ਅਮਰੀਕੀ ਗੈਸ ਸਟੇਸ਼ਨ ਵਿੱਚ ਵੜਿਆ ਅਤੇ ਉਥੋਂ ਦੇ ਕਰਮਚਾਰੀ ਮਨਪ੍ਰੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

# ਕੋਰੋਨਾ ਕਾਰਨ ਇਟਲੀ ਵਿੱਚ ਪੰਜਾਬੀ ਭਾਈਚਾਰਾ ਆਰਥਿਕ ਪੱਖੋਂ ਤੰਗ



ਮਿਲਾਨ, 14 ਮਈ (ਪੋਸਟ ਬਿਊਰੋ)- ਜਦੋਂ ਪੂਰੀ ਦੁਨੀਆ ਕੋਰੋਨਾ ਨਾਲ ਜੂਝ ਰਹੀ ਹੈ ਤਾਂ ਚੀਨ ਦੇ ਬਾਅਦ ਇਟਲੀ ਵਿੱਚ ਤੇਜ਼ੀ ਨਾਲ ਵਧਿਆ ਕੋਰੋਨਾ ਵਾਇਰਸ ਇਸ ਦੇਸ਼ ਦੀ ਆਰਥਿਕਤਾ 'ਤੇ ਡੂੰਘੀ ਸੱਟ ਮਾਰ ਰਿਹਾ ਹੈ। ਆਰਥਿਕ ਮੰਦੀ ਕਾਰਨ ਸਭ ਤੋਂ ਵੱਧ ਪ੍ਰਭਾਵਤ ਇਟਲੀ ਵਿੱਚ ਬਾਹਰੋਂ ਆ ਕੇ ਵੱਸੇ ਲੋਕ ਹੋਏ ਹਨ।

ਭਾਰਤੀ ਭਾਈਚਾਰੇ ਦੇ ਲੋਕਾਂ ਉੱਤੇ ਵੀ ਇਸ ਦਾ ਪ੍ਰਭਾਵ ਪਿਆ ਹੈ, ਜਿਸ ਦੀ ਸਭ ਤੋਂ ਵੱਧ ਮਾਰ ਬਿਨਾਂ ਪੇਪਰਾਂ ਜਾਂ ਨਵੇਂ ਆਏ ਪੇਪਰਾਂ ਵਾਲਿਆਂ ਉੱਤੇ ਪਈ ਹੈ। ਇਸ ਤੋਂ ਇਲਾਵਾ ਸਭ ਤੋਂ ਵੱਧ ਉਹ ਲੋਕ ਪ੍ਰਭਾਵਤ ਹਨ, ਜੋ ਪਬਲੀਸਿਟੀ ਦਾ ਕੰਮ ਕਰਦੇ ਸਨ। ਉਹ ਵੀ ਕੰਮ ਬੰਦ ਹੋਣ ਕਰ ਕੇ ਘਰ ਵਿੱਚ ਬੈਠਣ ਨੂੰ ਮਜਬੂਰ ਹਨ। ਇਟਲੀ ਵਿੱਚ ਮਾਰਚ ਵਿੱਚ ਕੋਰੋਨਾ ਦੇ ਕਾਰਨ ਤਾਲਾਬੰਦੀ ਹੋਈ ਸੀ ਅਤੇ ਹਾਲਾਤ 'ਚ ਸੁਧਾਰ ਨੂੰ ਦੇਖ ਕੇ ਅਤੇ ਦੇਸ਼ ਦੀ ਆਰਥਿਕਤਾ ਬਚਾਉਣ ਲਈ ਇਟਲੀ ਦੇ ਪ੍ਰਧਾਨ ਮੰਤਰੀ ਜੁਸੇਪੇ ਕੋਨੇਤੇ ਨੇ ਤਿੰਨ ਮਈ ਨੂੰ ਕੰਮਕਾਰ ਖੋਲ੍ਹ ਦਿੱਤੇ ਸਨ, ਪਰ ਜਿਨ੍ਹਾਂ ਦੇ ਕੰਟ੍ਰੈਕਟ ਕੱਚੇ ਹਨ, ਹਾਲੇ ਵੀ ਉਹ ਮਾਲਕਾਂ ਵੱਲੋਂ ਕੰਮ 'ਤੇ ਨਾ ਸੱਦੇ ਜਾਣ ਕਾਰਨ ਘਰ ਬੈਠਣ ਨੂੰ ਮਜਬੂਰ ਹਨ। ਜਿਨ੍ਹਾਂ ਕੋਲ ਇਟਲੀ ਦੇ ਪੇਪਰ ਨਹੀਂ ਹਨ, ਸਭ ਤੋਂ ਵੱਧ ਮਾਰ ਉਨ੍ਹਾਂ ਨੂੰ ਪਈ ਹੈ। ਉਹ ਸਰਕਾਰ ਵੱਲੋਂ ਬਾਹਰ ਜਾਣ ਲਈ ਦਿੱਤੇ ਫਾਰਮ ਵੀ ਨਹੀਂ ਭਰ ਸਕਦੇ। ਕੰਮ ਨਾ ਹੋਣ ਕਰ ਕੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੂੰ ਆਰਥਿਕ ਪੱਖੋਂ ਬਹੁਤ ਤੰਗੀ ਹੋ ਰਹੀ ਹੈ। ਇਟਲੀ ਵਿੱਚ ਬਿਨਾਂ ਪੇਪਰਾਂ ਦੇ ਰਹਿ ਰਹੇ ਲੋਕ ਸਰਕਾਰ ਦੀ ਦਿੱਤੀ ਰਾਹਤ ਲੈਣ ਤੋਂ ਵੀ ਵਾਂਝੇ ਹਨ। ਸੀਜ਼ਨੀ ਪੇਪਰਾਂ 'ਤੇ ਆਏ ਹੋਏ ਕਈ ਪੰਜਾਬੀ ਵੀ ਹਾਲੇ ਪੇਪਰ ਨਾ ਮਿਲਣ ਕਰ ਕੇ ਘਰਾਂ ਵਿੱਚ ਹਨ।

ਇਸ ਬਾਰੇ ਵਿਰੋਨਾ ਸ਼ਹਿਰ ਆਏ ਬਚਿੱਤਰ ਸਿੰਘ ਨੇ ਦੱਸਿਆ ਕਿ ਉਹ ਜਨਵਰੀ ਵਿੱਚ ਸੀਜ਼ਨੀ ਨੌਂ ਮਹੀਨਿਆਂ ਦੇ ਪੇਪਰਾਂ 'ਤੇ ਇਟਲੀ ਆਇਆ ਸੀ, ਹਾਲੇ ਪੇਪਰ ਨਾ ਹੋਣ ਕਰ ਕੇ ਕੰਮ ਨਾ ਹੋਣ ਕਾਰਨ ਪੱਲਿਓਂ ਪੈਸੇ ਖਰਚ ਰਿਹ ਹੈ।

# ਹੋ ਸਕਦੈ ਕੋਰੋਨਾ ਦੀ ਵੈਕਸੀਨ ਕਦੀ ਨਾ ਆਵੇ: ਬੋਰਿਸ ਜੌਹਸਨ



ਲੰਡਨ, 14 ਮਈ (ਪੋਸਟ ਬਿਊਰੋ)- ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੋਨਸਨ ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਾ ਦਾ ਟੀਕਾ ਬਣਾਉਣ 'ਚ ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ ਤੇ ਇਹ ਵੀ ਹੋ ਸਕਦਾ ਹੈ ਕਿ ਇਸ ਦਾ ਟੀਕਾ ਕਦੀ ਨਾ ਬਣੇ। ਵਰਨਣ ਯੋਗ ਹੈ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਕੋਰੋਨਾ ਵਾਇਰਸ ਦੇ ਪ੍ਰਸਾਰ ਕੰਟਰੋਲ ਕਰਨ ਤੇ ਲਾਕਡਾਊਨ 'ਚ ਪੜਾਅਵਾਰ ਤਰੀਕੇ ਨਾਲ ਦਿੱਤੀ ਜਾਣ ਵਾਲੀ ਛੋਟ ਬਾਰੇ 50 ਸਫਿਆਂ ਦੀ ਗਾਈਡ ਲਾਈਨ ਪੇਸ਼ ਕੀਤੀ ਹੈ। ਇਸ ਤਹਿਤ ਸੋਸ਼ਲ ਡਿਸਟੈਂਸਿੰਗ ਦਾ ਧਿਆਨ ਰੱਖ ਕੇ ਹੌਲੀ-ਹੌਲੀ ਕਾਰੋਬਾਰਾਂ ਨੂੰ ਫਿਰ ਸ਼ੁਰੂ ਕਰਨ ਦੀ ਯੋਜਨਾ ਹੈ। ਟੀਕਾ ਬਣਾਉਣ ਬਾਰੇ ਆਕਸਫੋਰਡ ਯੂਨੀਵਰਸਿਟੀ ਤੇ ਇੰਪੀਰੀਅਲ ਕਾਲਜ ਲੰਡਨ ਦੇ ਵਿਗਿਆਨੀ ਕੰਮ ਕਰ ਰਹੇ ਹਨ।

ਇਸ ਸੰਬੰਧ ਵਿੱਚ ਬੋਰਿਸ ਜੌਨਸਨ ਨੇ ਕਿਹਾ ਕਿ ਮਾਸ ਵੈਕਸੀਨ ਜਾਂ ਇਲਾਜ ਵਿੱਚ ਇੱਕ ਸਾਲ ਤੋਂ ਵੱਧ ਦਾ ਸਮਾਂ ਲੱਗ ਸਕਦਾ ਹੈ। ਉਨ੍ਹਾ ਕਿਹਾ ਕਿ ਸਭ ਤੋਂ ਖਰਾਬ ਹਾਲਤ ਇਹ ਹੋ ਸਕਦੀ ਹੈ ਕਿ ਅਸੀਂ ਵੈਕਸੀਨ ਬਣਾਉਣ ਵਿੱਚ ਕਦੀ ਸਫਲ ਨਾ ਹੋਈਏ। ਇਸ ਹਾਲਤ 'ਚ ਸਾਡੀ ਯੋਜਨਾ ਇਹ ਹੋਣੀ ਚਾਹੀਦੀ ਹੈ ਕਿ ਮਹਾਮਾਰੀ ਮੁੜ ਨਾ ਫੈਲੇ। ਜੌਨਸਨ ਨੇ ਮੰਨਿਆ ਕਿ ਵੈਕਸੀਨ ਜਾਂ ਡਰੱਗ ਆਧਾਰਤ ਇਲਾਜ ਇੱਕੋ-ਇੱਕ ਸੰਭਵ ਲੰਬੇ ਸਮੇਂ ਦਾ ਹੱਲ ਹੈ। ਉਨ੍ਹਾਂ ਕਿਹਾ ਕਿ ਬ੍ਰਿਟੇਨ 'ਚ ਵੈਕਸੀਨ ਵਿਕਾਸ ਪ੍ਰੋਗਰਾਮਾਂ ਤੇ ਆਕਸਫੋਰਡ ਯੂਨੀਵਰਸਿਟੀ ਤੇ ਫਾਰਮਾ ਪ੍ਰਮੁੱਖ ਐਸਟ੍ਰੋਜੇਨੇਕਾ ਦਾ ਸਹਿਯੋਗ ਇੱਕ ਵੱਡਾ ਕਦਮ ਹੈ, ਜਿਹੜਾ ਕੋਰੋਨਾ ਦੀ ਵੈਕਸੀਨ ਨੂੰ ਬਣਾਉਣ 'ਚ ਤੇਜ਼ੀ ਨਾਲ ਮਦਦ ਕਰ ਸਕਦਾ ਹੈ।

# ਸੰਕਟ ਵਿਚਾਲੇ ਚੋਣ ਮੁਹਿੰਮ ਲਈ ਟਰੰਪ ਤੇ ਬਿਡੇਨ ਨੇ ਕਰੋੜਾਂ ਦਾ ਚੰਦਾ ਇਕੱਠਾ ਕੀਤਾ



ਵਾਸ਼ਿੰਗਟਨ, 14 ਮਈ (ਪੋਸਟ ਬਿਊਰੋ)- ਕੋਰੋਨਾ ਸੰਕਟ ਵਿਚਾਲੇ ਅਮਰੀਕਾ 'ਚ ਪਾਰਟੀਆਂ ਰਾਸ਼ਟਰਪਤੀ ਚੋਣਾਂ ਦੀਆਂ ਤਿਆਰੀਆਂ ਵਿੱਚ ਲੱਗੀਆਂ ਹੋਈਆਂ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਚੋਣ ਮੁਹਿੰਮ ਦੇ ਲਈ ਅਪ੍ਰੈਲ ਵਿੱਚ ਰਿਕਾਰਡ 6.17 ਕਰੋੜ ਯੂ ਐਸ ਡਾਲਰ ਅਤੇ ਉਨ੍ਹਾਂ ਦੇ ਵਿਰੋਧੀ ਡੈਮੋਕ੍ਰੇਟਿਕ ਜੋ ਬਿਡੇਨ ਨੇ 6.05 ਕਰੋੜ ਯੂ ਐਸ ਡਾਲਰ ਦਾ ਚੰਦਾ ਇਕੱਠਾ ਕੀਤਾ ਹੈ। ਰੀਪਬਲਿਕਨ ਨੈਸ਼ਨਲ ਕਮੇਟੀ (ਆਰ ਐਨ ਸੀ) ਨੇ ਦੱਸਿਆ ਹੈ ਕਿ ਅੱਜ ਤੱਕ ਟਰੰਪ ਦੀ ਮੁਹਿੰਮ ਲਈ 74.2 ਕਰੋੜ ਡਾਲਰ ਤੋਂ ਵੱਧ ਦੀ ਰਕਮ ਜੋੜੀ ਜਾ ਚੁੱਕੀ ਹੈ। ਇਹ ਓਬਾਮਾ ਦੀ ਦੂਜੀ ਚੋਣ ਮੁਹਿੰਮ ਲਈ ਇਸ ਸਮੇਂ ਵਿੱਚ ਜੋੜੀ ਗਈ ਧਨਰਾਸ਼ੀ 28.8 ਕਰੋੜ ਡਾਲਰ ਤੋਂ ਕਿਤੇ ਵੱਧ ਹੈ।

ਰੀਪਬਲਿਕਨ ਸਾਂਝੀ ਦੌਲਤ ਇਕੱਠੀ ਕਰਨ ਵਾਲੀ ਕਮੇਟੀ ਕੋਲ ਫਿਲਹਾਲ 25.5 ਕਰੋੜ ਡਾਲਰ ਹਨ। ਉਥੇ ਜੋਅ ਬਿਡੇਨ ਦੀ ਮੁਹਿੰਮ ਲਈ ਪ੍ਰਤੀ ਵਿਅਕਤੀ ਔਸਤ ਆਨਲਾਈਨ ਚੰਦਾ 32.63 ਡਾਲਰ ਹੈ, ਜੋ ਉਨ੍ਹਾਂ ਦੀ ਜ਼ਮੀਨੀ ਪਕੜ ਨੂੰ ਦਿਖਾ ਰਿਹਾ ਹੈ। ਰਾਸ਼ਟਰਪਤੀ ਟਰੰਪ ਚੋਣਾਂ ਵਿੱਚ ਦੁਬਾਰਾ ਚੁਣੇ ਜਾਣ ਲਈ ਲੜ ਰਹੇ ਹਨ। ਸਾਬਕਾ ਉਪ ਰਾਸ਼ਟਰਪਤੀ ਬਿਡੇਨ ਰਾਸ਼ਟਰਪਤੀ ਚੁਣੇ ਜਾਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਬਿਡੇਨ (77) ਨੂੰ ਅਗਸਤ ਵਿੱਚ ਵਿਸਕਾਨਸਿਨ ਵਿੱਚ ਡੈਮੋਕ੍ਰੇਟਿਕ ਨੈਸ਼ਨਲ ਕਨਵੈਂਸ਼ਨ ਵੱਲੋਂ ਰਸਮੀ ਤੌਰ 'ਤੇ ਨਾਮਜ਼ਦ ਕੀਤੇ ਜਾਣ ਦੀ ਸੰਭਾਵਨਾ ਹੈ। ਕੋਰੋਨਾ ਕਾਰਨ ਅਮਰੀਕੀ ਅਰਥ ਵਿਵਸਥਾ ਲੀਹੋ ਲੱਥੀ ਹੋਈ ਹੈ ਤੇ 3.3 ਕਰੋੜ ਤੋਂ ਵੱਧ ਲੋਕ ਆਪਣੀ ਨੌਕਰੀ ਗਵਾ ਚੁੱਕੇ ਹਨ। ਉਦਯੋਗ-ਕਾਰੋਬਾਰ ਠੱਪ ਪਏ ਹਨ ਅਤੇ ਟ੍ਰੈਵਲ ਤੇ ਸੈਰ ਸਪਾਟਾ ਉਦਯੋਗ ਤਬਾਹ ਹੋ ਚੁੱਕਾ ਹੈ। ਹਾਲਤ ਇਹ ਹੈ ਕਿ ਕੌਮਾਂਤਰੀ ਮੁਦਰਾ ਫੰਡ ਯਾਨੀ ਆਈ ਐਮ ਐਫ ਅਤੇ ਵਿਸ਼ਵ ਬੈਂਕ ਨੇ ਅਮਰੀਕਾ ਲਈ ਨਾਂ ਪੱਖੀ ਵਿਕਾਸ ਦਰ ਦਾ ਅੰਦਾਜ਼ਾ ਲਗਾਇਆ ਹੈ।

## ਸਿਆਟਲ 'ਚ ਪੰਜਾਬੀ ਨੌਜਵਾਨ ਦੀ ਡੁੱਬਣ ਨਾਲ ਮੌਤ



ਸਿਆਟਲ, 14 ਮਈ (ਪੋਸਟ ਬਿਊਰੋ)- ਕੱਲ੍ਹ ਸਿਆਟਲ ਵਿਖੇ ਰਹਿ ਰਹੇ ਪੰਜਾਬੀ ਨੌਜਵਾਨ ਅਕਾਸ਼ਦੀਪ ਸਿੰਘ ਦੀ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ ਹੈ, ਜਿਸ ਤੋਂ ਪੰਜਾਬੀ ਭਾਈਚਾਰਾ ਦੁਖੀ ਹੈ।

ਸਿਆਟਲ ਦੇ ਕਾਰੋਬਾਰੀ ਕੁਲਵੰਤ ਸਿੰਘ ਸ਼ਾਹ ਨੇ ਦੱਸਿਆ ਕਿ ਉਨ੍ਹਾਂ ਦਾ ਨਜ਼ਦੀਕੀ ਰਿਸ਼ਤੇਦਾਰ ਅਕਾਸ਼ਦੀਪ ਸਿੰਘ (18) ਪੁੱਤਰ ਹਰਪਾਲ ਸਿੰਘ ਪੰਜਾਬ ਦੇ ਮਹਿਤਾ ਚੌਕ ਜ਼ਿਲ੍ਹਾ ਅੰਮ੍ਰਿਤਸਰ ਨਾਲ ਸਬੰਧਿਤ ਸੀ, ਜੋ ਇਥੇ ਅਮਰੀਕਾ 'ਚ ਤਕਰੀਬਨ ਸਵਾ ਸਾਲ ਪਹਿਲਾਂ ਆਇਆ ਸੀ ਤੇ ਸਕੂਲ ਪੜ੍ਹਦਾ ਸੀ ਤੇ ਉਸ ਨੇ ਗੈਜੂਏਟ ਹੋਣਾ ਸੀ। ਆਪਣੇ ਤਿੰਨ ਦੋਸਤਾਂ ਨਾਲ ਉਹ ਇਥੋਂ ਕੁਝ ਦੂਰ ਘੁੰਮਣ ਗਿਆ, ਉਥੇ ਜਾ ਕੇ ਇੱਕ ਤੇਜ਼ ਵਹਾਅ ਵਾਲੀ ਨਹਿਰ ਦੇ ਕੋਲ ਘੁੰਮਦੇ, ਖੇਡਦਿਆਂ ਅਕਾਸ਼ਦੀਪ ਸਿੰਘ ਦਾ ਪੈਰ ਤਿਲਕ ਗਿਆ ਅਤੇ ਉਹ ਨਹਿਰ 'ਚ ਡਿੱਗ ਗਿਆ। ਉਸ ਦੇ ਦੋਸਤਾਂ ਨੇ ਰੌਲਾ ਪਾਇਆ। ਨੇੜੇ ਕਾਫ਼ੀ ਗੋਰੇ ਲੋਕ ਸਨ, ਉਨ੍ਹਾਂ ਝੱਟ ਨਹਿਰ 'ਚ ਛਾਲਾਂ ਮਾਰ ਕੇ ਅਕਾਸ਼ਦੀਪ ਨੂੰ ਕੱਢ ਕੇ ਉਸ ਨੂੰ ਮੁੱਢਲੀ ਸਹਾਇਤਾ ਦਿੱਤੀ। ਏਨੇ ਨੂੰ ਹੈਲੀਕਾਪਟਰ ਐਂਬੂਲੈਂਸ ਰਾਹੀਂ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਉਸ ਦੀ ਮੌਤ ਹੋ ਗਈ।

## ਪ੍ਰਿਅੰਕਾ ਚੋਪੜਾ ਸਮੇਤ ਕਈ ਸੈਲੀਬ੍ਰਿਟੀਜ਼ ਦਾ ਡਾਟਾ ਚੋਰੀ



ਲਾਸ ਏਂਜਲਸ, 14 ਮਈ (ਪੋਸਟ ਬਿਊਰੋ)- ਅਮਰੀਕਾ ਦੀ ਮੀਡੀਆ ਤੇ ਐਂਟਰਟੇਨਮੈਂਟ ਲਾਅ ਫਰਮ ਸਾਹਮਣੇ ਪ੍ਰਿਅੰਕਾ ਚੋਪੜਾ ਸਮੇਤ ਕਈ ਸੈਲੀਬ੍ਰਿਟੀਜ਼ ਦਾ ਡਾਟਾ ਚੋਰੀ ਹੋਣ ਦਾ ਮਾਮਲਾ ਆਇਆ ਹੈ। ਹੈਕਰਾਂ ਨੇ ਕੰਪਨੀ ਦਾ ਜਿੰਨਾ ਡਾਟਾ ਹੈਕ ਕੀਤਾ ਹੈ, ਉਸ ਦਾ ਕੁੱਲ ਸਾਈਜ਼ 756 ਜੀ ਬੀ ਹੈ ਤੇ ਇਸ ਵਿੱਚ ਠੇਕੇ, ਨਾਨ ਡਿਸਕਲੋਜ਼ਰ ਐਗਰੀਮੈਂਟ, ਫੋਨ ਨੰਬਰ ਈ-ਮੇਲ ਐਡਰੈੱਸ ਤੇ ਨਿੱਜੀ ਚਿੱਠੀਆਂ ਹਨ।

